

# ਦੀਵੇ ਜਗਦੇ ਨੈਣ

ਚਰਨ ਸਿੰਘ

# ਦੀਵੇ ਜਗਦੇ ਨੈਣ

(ਅਗ਼ਜ਼ਲ ਸੰਗ੍ਰਹਿ)

ਚਰਨ ਸਿੰਘ

ਪੇਸ਼ਕਸ਼
ਪੰਜਾਬ ਬੁੱਕ ਸੈਂਟਰ

# DIVE JAGDE NAIN

( Collection of Agzals)

By : CHARAN SINGH
9251 ARVIDA, DR.
RICHMOND B.C.
V7A4K5
CANADA
Phone : 604-448-0331

N Author

Edition : 2011

Price : Rs. 130/-

Title Designed by : Daljeet Saini

**Published by :**
Punjab Book Centre
Sector 22, Chandigarh
Tel. : 0172-2701952, 27855056

---

ਦੀਵੇ ਜਗਦੇ ਨੈਣ (ਅਗ਼ਜ਼ਲ ਸੰਗ੍ਰਹਿ), ਸ਼ਾਇਰ : ਚਰਨ ਸਿੰਘ
ਪ੍ਰਕਾਸ਼ਕ : ਪੰਜਾਬ ਬੁੱਕ ਸੈਂਟਰ, ਚੰਡੀਗੜ੍ਹ
ਛਾਪਕ : ਸਿਧਾਰਥ ਮੀਡੀਆ ਪਰਿੰਟਰਜ਼, ਚੰਡੀਗੜ੍ਹ
ਫੋਨ : 094170-72466

## ਸਵਰਗਵਾਸੀ ਸਿਰਮੌਰ ਸ਼ਾਇਰ
## ਅਮੀਤੋਜ ਨੂੰ ਸਮਰਪਿਤ

**<u>ਇਸੇ ਕਲਮ ਤੋਂ</u>**

* ਤੀਸਰੀ ਅੱਖ (ਕਾਵਿ ਸੰਗ੍ਰਹਿ) 1982
* ਮਿੱਟੀ 'ਚ ਉੱਕਰੇ ਅੱਖਰ (ਕਾਵਿ ਸੰਗ੍ਰਹਿ) 1984
* ਸ਼ੁਨਯ-ਬੋਧ (ਕਾਵਿ ਸੰਗ੍ਰਹਿ) 1987
* ਆਪੇ ਬੋਲ ਸ੍ਰੋਤ (ਲੰਬੀ ਕਵਿਤਾ) 1998
* ਗਗਨ ਮੈਂ ਥਾਲੁ (ਕਾਵਿ ਸੰਗ੍ਰਹਿ) 2008
* ਸ਼ੀਸ਼ੇ ਵਿਚਲਾ ਸੂਰਜ (ਕਾਵਿ ਸੰਗ੍ਰਹਿ) 2008
* ਰੁੱਖ ਤੇ ਜੰਗਲ (ਕਾਵਿ ਸੰਗ੍ਰਹਿ) 2008
* ਮੁੜ੍ਹਕੋ ਮੁੜ੍ਹਕੀ ਪੌਣ (ਕਾਵਿ ਸੰਗ੍ਰਹਿ) 2009
* ਵਿਪਰੀਤ (ਕਾਵਿ ਸੰਗ੍ਰਹਿ) 2009
* ਬਿੰਦੂ ਤੋਂ ਦਾਇਰੇ (ਕਾਵਿ ਸੰਗ੍ਰਹਿ) 2009
* ਅੰਤਰੀਵ (ਕਾਵਿ ਸੰਗ੍ਰਹਿ) 2010
* ਸੂਰਜ ਤੇ ਕਿਰਨਾਂ (ਕਾਵਿ ਸੰਗ੍ਰਹਿ) 2010
* ਤੁਪਕਾ ਤੁਪਕਾ ਸੂਰਜ (ਕਾਵਿ ਸੰਗ੍ਰਹਿ) 2010
* ਆਧੁਨਿਕ ਵਿਸ਼ਵ (ਲੰਬੀ ਕਵਿਤਾ) 2011
* ਪ੍ਰਕਰਮਾ (ਕਾਵਿ ਸੰਗ੍ਰਹਿ) 2011
* ਦੀਵੇ ਜਗਦੇ ਨੈਣ (ਅਗਜ਼ਲ ਸੰਗ੍ਰਹਿ) 2011

## ਚਰਨ ਸਿੰਘ ਦਾ ਜੀਵਨ—ਬਿਓਰਾ

ਨਾਮ : ਚਰਨ ਸਿੰਘ
ਜਨਮ : ਪਿੰਡ ਬੇਗੋਵਾਲ, ਨਵੰਬਰ 1/1947
ਪਿਤਾ ਦਾ ਨਾਮ : ਸ੍ਰੀ ਲਾਲ ਸਿੰਘ
ਮਾਤਾ ਦਾ ਨਾਮ : ਸ੍ਰੀਮਤੀ ਸੰਤ ਕੌਰ
ਪਤਨੀ : ਪ੍ਰਕਾਸ਼ ਕੌਰ
ਮੁੱਢਲੀ ਵਿੱਦਿਆ : ਸਿਆਲਕੋਟ ਖਾਲਸਾ ਹਾਈ ਸਕੂਲ ਜਲੰਧਰ
ਉੱਚ ਵਿੱਦਿਆ : ਲਾਇਲਪੁਰ ਖਾਲਸਾ ਕਾਲਜ ਜਲੰਧਰ
ਐਮ.ਏ. ਪੰਜਾਬੀ
ਚਰਨ ਸਿੰਘ 1980 ਤੋਂ ਕੈਨੇਡਾ ਰਹਿ ਰਿਹਾ ਹੈ
9251 ARVIDA, DR. RICHMOND B.C.
V7A4K5 CANADA

### ਛਪਾਈ ਅਧੀਨ ਪੁਸਤਕਾਂ

(1) ਤ੍ਰੈਕਾਲ (ਕਾਵਿ ਸੰਗ੍ਰਹਿ)
(2) ਹੰਝੂਆਂ ਦੇ ਦਰਿਆ (ਗੀਤਾਂ ਦਾ ਸੰਗ੍ਰਹਿ)
(3) ਮੈਂ ਪਗਡੰਡੀ ਮੰਜ਼ਿਲ ਤੇ ਕਮਰਾ (ਲੰਬੀ ਕਵਿਤਾ)
(4) ਤ੍ਰਿਵੇਣੀ (ਕਾਵਿ ਸੰਗ੍ਰਹਿ)
(5) ਰਿਸ਼ਮਾਂ (ਕਾਵਿ ਸੰਗ੍ਰਹਿ)
(6) ਦਰਪਣ (ਕਾਵਿ ਸੰਗ੍ਰਹਿ)
(7) ਹੋਂਦ ਦੀ ਤਲਾਸ਼ (ਲੰਬੀ ਕਵਿਤਾ)
(8) ਬੁੱਕਲ (ਕਾਵਿ ਸੰਗ੍ਰਹਿ)
(9) ਕੁਕਨੂਸ (ਕਾਵਿ ਸੰਗ੍ਰਹਿ)
(10) ਅਨੁਭਵ (ਕਾਵਿ ਸੰਗ੍ਰਹਿ)
(11) ਕੋਰਾ ਕਾਗਜ਼ (ਕਾਵਿ ਸੰਗ੍ਰਹਿ)
(12) ਮੌਲੀ ਧਰਤੀ (ਕਾਵਿ ਸੰਗ੍ਰਹਿ)
(13) ਸੰਤੁਲਨ (ਕਾਵਿ ਸੰਗ੍ਰਹਿ)
(14) ਖ਼ਾਲੀ ਘਰ (ਕਾਵਿ ਸੰਗ੍ਰਹਿ)
(15) ਸ਼ਬਦਾਂ ਦਾ ਸਫ਼ਰ (ਕਾਵਿ ਸੰਗ੍ਰਹਿ)
(16) ਸ਼ੀਸ਼ੇ ਦਾ ਸ਼ਹਿਰ (ਕਾਵਿ ਸੰਗ੍ਰਹਿ)
(17) ਕਿਵ ਸੱਚਿਆਰਾ ਹੋਈਐ (ਨਾਟਕ)

## ਅਵਾਰਡਜ਼

(1) AWARD OF DISTINCTION
FROM : INDO - CANADIAN TIMES 1984

(2) ਸ਼ਾਨੇ ਪੰਜਾਬ DISTINCTION AWARD
FROM : INDO - CANADIAN TIMES 1986

(3) PROF MOHAN SINGH MEMORIAL
FOUNDATION, CANADA.

(4) AWARD OF DISTINCTION
FROM : RADIO RIMJIM CANADA 1993

(5) N R I SABHA JALANDHAR CITY
AWARD OF DISTINCTION 2003

(6) AWARD FOR THE CONRIBUTION TO
PUNJABI LITERATURE 2007

(7) ਸ਼ੁਨਯ-ਬੋਧ ਕਾਵਿ ਸੰਗ੍ਰਹਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ
FOR MA PUNJABI AS A TEXT BOOK

(8) ਕੈਨੇਡੀਅਨ ਕਵੀ ਸੁਰਿੰਦਰ ਧੰਜਲ ਨੇ
ਚਰਨ ਸਿੰਘ ਦੀਆਂ ਪੁਸਤਕਾਂ ਤੇ Ph.D. ਕੀਤੀ

(9) AWARD FOR OUTSTANDING CONTRIBUTION
TO THE PUNJABI POETRY FROM
INTERNATIONAL ASSOCIATION OF PUNJABI
AUTHOURS & ARTISTS I.N.C. FOR 2011

(10) AWARD FOR OUTSTANDING CONTRIBUTION
TO WARDS PUNJABI LITERATURE FROM
CANADIAN INTERNATIONAL PUNJABI
SAHIT ACADEMY, CANADA, FOR 2011

# ਤਤਕਰਾ


1. ਪਿੱਪਲੀ ਦੀਆਂ ਛਾਵਾਂ
2. ਦਰਦ ਦਿਲ ਦਾ
3. ਜ਼ਫ਼ਾ ਤੇਰੀ ਦੋਸਤਾ
4. ਮਿਲ ਗਿਆ
5. ਰੁੱਤਾਂ ਉਦਾਸ ਨੇ
6. ਤੇਰਾ ਨਾਮ
7. ਇਕ ਖ਼ੁਸ਼ੀ
8. ਫ਼ਲ਼ਕ ਦਾ ਪ੍ਰਵਾਜ਼
9. ਧੁੱਖਦਾ ਹੈ ਦਿਲ
10. ਲਹੂ ਤੋਂ ਸੁਰਖ਼
11. ਗਲੀਆਂ 'ਚ ਤੇਰੀਆਂ
12. ਚਮਨ ਹਾਂ
13. ਤੇਰੇ ਆਉਣ
14. ਕਰਦੀਆਂ ਪਿੱਛਾ
15. ਅਹਿਸਾਸ ਮੇਰਾ
16. ਗਲੀਆਂ ਉਦਾਸ ਨੇ
17. ਯਾਦ ਕਰ
18. ਬੁੱਝ ਗਿਆ ਦੀਵਾ
19. ਮੈਂ ਤੇਰੇ ਕਦਮਾਂ ਤੇ
20. ਨੈਣਾਂ ਦੀ ਨਜ਼ਰ
21. ਮਿਲ ਜਾਏ
22. ਨੈਣਾਂ 'ਚ ਵਸਦਿਆਂ
23. ਪੌਣ ਸਾਗਰ ਨੂੰ
24. ਨਜ਼ਰ ਤੇਰੀ
25. ਦਾਗ਼ ਦਿਲ ਦੇ
26. ਕੋਈ ਬੋਲਦਾ ਨਹੀਂ
27. ਰੁੱਖਾਂ ਦੀਆਂ ਛਾਵਾਂ
28. ਤੂੰ ਪਿਆਰ ਤੇ
29. ਬਾਗ਼ਾਂ 'ਚ ਫੁੱਲ
30. ਵਾਅਦਾ ਕਰ
31. ਇਸ਼ਕ 'ਚ ਤੇਰੇ
32. ਚਿਰਾਗ ਮੇਰੀ ਵਫ਼ਾ ਦੇ
33. ਯਾਦ ਤੇਰੀ ਵਿਚ
34. ਪੰਛੀ ਘਰਾਂ ਨੂੰ
35. ਨੈਣਾਂ ਦੇ ਦੋ ਭਰੇ ਕਟੋਰੇ
36. ਆਪਣੇ ਆਪ ਨੂੰ
37. ਮਸ਼ਹੂਰ ਹੋ ਗਏ
38. ਲੱਗੀਆਂ ਕੀ ਅੱਖ੍ਹਾਂ
39. ਮੈਂ ਇਕੱਲਾ ਸਾਂ
40. ਦੇਖਦੇ ਹੀ ਦੇਖਦੇ
41. ਅੱਖ੍ਹੀਆਂ
42. ਰਾਤਾਂ ਨੂੰ ਦੀਵੇ
43. ਲੰਘ ਗਈਆਂ ਉਮਰਾਂ
44. ਜੰਗਲ ਦੇ ਗਲ
45. ਵਫ਼ਾ ਹੈ ਆਸਰਾ
46. ਮੈਂ ਤੇਰੇ ਕੌਲ
47. ਤੇਰੇ ਤੋਂ ਵਿਛੜ ਕੇ
48. ਉਠ ਗਿਆ
49. ਛੱਡ ਕੇ ਸਾਨੂੰ
50. ਬੁਲਾ ਕੇ ਆਪ

# ਪਿੱਪਲੀ ਦੀਆਂ ਛਾਵਾਂ

ਪਿੱਪਲੀ ਦੀਆਂ ਛਾਵਾਂ
ਮੈਂ ਤੱਕਦੀ ਤੇਰੀਆਂ ਰਾਹਾਂ
ਜਦ ਖੜ ਖੜ ਹੋਵੇ ਪੱਤਿਆਂ ਦੀ
ਮੈਂ ਭੱਜ ਬੂਹੇ ਵਲ ਜਾਵਾਂ

-0-

ਹੁਣ ਬੀਤ ਗਿਆ ਹੈ ਸਾਵਣ
ਤੇਰਾ ਹੋਇਆ ਨਾ ਅਜੇ ਆਵਣ
ਮੈਂ ਜਿਸਮ 'ਚ ਉਠਦੀਆਂ ਚਿੰਣਗਾਂ ਨੂੰ
ਤੇਰਾ ਲੈ ਲੈ ਨਾਂ ਬੁਝਾਵਾਂ

-0-

ਦਰ ਖੁੱਲ੍ਹਾਂ ਰੱਖਾਂ ਵਿਹੜੇ ਦਾ
ਮੈਨੂੰ ਝਾਉਲਾ ਚਿਹਰੇ ਤੇਰੇ ਦਾ
ਕਦੀ ਸ਼ੀਸ਼ੇ ਅੱਗੇ ਬਹਿੰਦੀ ਹਾਂ
ਕਦੀ ਸ਼ੀਸ਼ਾ ਸੁਾਵੇਂ ਡਾਹਾਂ

-0-

ਇੱਥੇ ਫਿਰਦੇ ਭੌਰ ਲੁਟੇਰੇ ਵੇ
ਮੇਰੇ ਰੂਪ ਦੇ ਚਾਰ ਚੁਫੇਰੇ ਵੇ
ਮੈਂ ਡੁੱਲ੍ਹ ਡੁੱਲ੍ਹ ਪੈਂਦੇ ਜੋਬਨ ਨੂੰ
ਕਿਵੇਂ ਬੁੱਕਲ ਵਿਚ ਲੁਕਾਵਾਂ

-0-

ਨਾ ਤੂੰ ਆਇਓਂ ਨਾ ਖ਼ਤ ਆਇਆ
ਅਸਾਂ ਬ੍ਰਿਹਾ ਤੇਰਾ ਗਲ ਲਾਇਆ
ਤੇਰੀ ਦੀਦ ਨੂੰ ਤਰਸਣ ਅੱਖੀਆਂ
ਜ਼ੁਲਫਾਂ ਦੀਆਂ ਧੁੱਖਦੀਆਂ ਛਾਵਾਂ

-0-

ਤੂੰ ਕਿਹੜੇ ਅੰਬਰੀਂ ਜਾ ਵਸਿਆ
ਨਾ ਪਤਾ ਨਾ ਆਪਣਾ ਘਰ ਦੱਸਿਆ
ਪੌਣਾਂ ਚੋਂ ਲੱਭਦੀ ਫਿਰਦੀ ਮੈਂ
ਸੱਜਣਾਂ ਤੇਰਾ ਸਿਰਨਾਵਾਂ

-0-

# ਦਰਦ ਦਿਲ ਦਾ

ਦਰਦ ਦਿਲ ਦਾ
ਵੱਧਦਾ ਹੀ ਗਿਆ
ਕਿਸੇ ਨੇ ਪਾਗ਼ਲ
ਕਿਸੇ ਨੇ ਆਸ਼ਕ ਕਿਹਾ

-0-

ਚੜ੍ਹਿਆ
ਨਾ ਡੁੱਬਿਆ ਸੂਰਜ ਮੇਰਾ
ਤੇਰੇ ਨੈਣਾਂ ਦੀ ਸੂਲੀ ਤੇ
ਲਟਕਦਾ ਹੀ ਰਿਹਾ

-0-

ਤੂੰ ਗ਼ੈਰ ਦੀ ਮਹਿਫ਼ਲ 'ਚ
ਸ਼ਮਾਂ ਬਣ ਕੇ ਜਗੀ
ਮੈਂ ਹਨ੍ਹੇਰਾ ਸਾਂ
ਹਨ੍ਹੇਰੇ ਦਾ ਹਨ੍ਹੇਰਾ ਹੀ ਰਿਹਾ

-0-

ਮੈਨੂੰ ਤੱਕਣਾ
ਤੇ ਮੁੱਖ ਮੋੜ ਕੇ ਤੁਰ ਜਾਣਾ ਤੇਰਾ
ਤੇਰੀ ਫ਼ਿਤਰਤ ਦਾ ਸਿਲਸਿਲਾ ਸੀ
ਸਿਲਸਿਲਾ ਹੀ ਰਿਹਾ

-0-

ਸ਼ਮਾਂ ਦੀ ਲੋਅ ਹੈ
ਫਿਰਦੀ ਢੂੰਡਦੀ ਉਸ ਨੂੰ
ਸੜਣ ਤੋਂ ਪਹਿਲਾਂ
ਪ੍ਰਵਾਨਾ ਜੋ ਇਰਾਦਾ ਬਦਲ ਗਿਆ

-0-

ਇਹ ਸ਼ਮਾਂ ਬਦਲਦੀ ਹੈ
ਨਿੱਤ ਨਵੀਆਂ ਮਹਿਫ਼ਲਾਂ
ਤੂੰ ਜ਼ਲਾ ਕੇ ਜਿਸਮ ਆਪਣਾ
ਸ਼ਮਾਂ ਤੋਂ ਕੀ ਲਿਆ

-0-

ਦਰਦ ਦੀ ਬਾਤ ਸੀ
ਦਰਦ ਜਿਉਣਾ ਸਿੱਖ ਲਿਆ
ਸ਼ਮਾਂ ਵੀ ਰੌਸ਼ਨ ਰਹੇ
ਮੇਰਾ ਵੀ ਦੱਸੋ ਕੀ ਗਿਆ

-0-

# ਜ਼ਫ਼ਾ ਤੇਰੀ ਦੋਸਤਾ

ਜ਼ਫ਼ਾ ਤੇਰੀ ਦੋਸਤਾ
ਸਾਨੂੰ ਵਫ਼ਾ ਸਿੱਖਾ ਗਈ
ਉਜੜੇ ਕੀ ਇਸ਼ਕ 'ਚ
ਸਮਝ ਜ਼ਿੰਦਗੀ ਦੀ ਆ ਗਈ

–0–

ਹੁਣ ਨਹੀਂ ਬਹਿੰਦੇ ਅਸੀਂ
ਹਰੇ ਭਰੇ ਰੁੱਖਾਂ ਦੀ ਛਾਵੇਂ
ਸੁੱਕਿਆਂ ਰੁੱਖਾਂ ਦੀ
ਪੀੜ ਸਾਨੂੰ ਖਾ ਗਈ

–0–

ਉੱਜੜੇ ਤੇ ਉਜੜੇ
ਵੀ ਇਸ ਤਰ੍ਹਾਂ
ਕਬਰਾਂ ਦੀ ਚੁੱਪ ਤੋਂ ਵੀ
ਸੰਘਣੀ ਉਦਾਸੀ ਛਾਅ ਗਈ

–0–

ਕੌਣ ਸੜਦੈ
ਥਲਾਂ ਦੇ ਵਿਚ ਇਸ ਤਰ੍ਹਾਂ
ਸੀਤ ਹੋਈ ਧੁੱਪ ਤੇ
ਸੂਰਜ ਨੂੰ ਤਰੇਲੀ ਆ ਗਈ

–0–

ਹੂਕ ਉਠੀ ਜਿਗਰ ਚੋਂ
ਇਕ ਪੀੜ ਦੀ
ਪਾੜ ਗਈ ਪੱਥਰ
ਤੇ ਅੰਬਰ ਗਾਹ ਗਈ

-0-

ਸਾਡੀ ਵਫ਼ਾ ਦਾ ਦੋਸ਼ ਸੀ
ਕਿ ਬੇਵਫ਼ਾ ਨਹੀਂ
ਮੁਹੱਬਤ ਦਾ ਸਿਲਸਿਲਾ ਸੀ
ਮੁਹੱਬਤ ਨਿਭਾਅ ਗਈ

-0-

ਫੂਕ ਕੇ ਮੌਸਮ ਬਹਾਰਾਂ
ਰੁੱਤਾਂ ਤੇ ਆਸ਼ੀਆਂ
ਕੇਰ ਕੇ ਅੱਥਰੂ ਜ਼ਫ਼ਾ
ਰਾਹ ਵਫ਼ਾ ਦੇ ਹੋ ਗਈ

-0-

## ਮਿਲ ਗਿਆ

ਮਿਲ ਗਿਆ ਮੈਨੂੰ
ਸੀ ਜੋ ਮੇਰੇ ਨਸੀਬ ਦਾ
ਚੰਨ ਬੱਦਲੀਂ ਛੁੱਪ ਗਿਆ
ਵੇਖ ਕੇ ਚਿਹਰਾ ਗਰੀਬ ਦਾ

-0-

ਵੇਖਿਆ ਸੀ ਜਿਸ ਨੂੰ ਮੈਂ
ਆਪਣੇ ਲਹੂ 'ਚ ਤੁਰਦਿਆਂ
ਨਿਕਲਿਆ ਚਿਹਰਾ ਤੇ ਉਹ
ਮੇਰੇ ਰਕੀਬ ਦਾ

-0-

ਕਿਉਂ ਕੋਈ ਦਰਦ ਬਣ
ਅੱਖੀਆਂ ਚੋਂ ਡੁਲ੍ਹਦੈ
ਦਿਲ ਨੂੰ ਅਹਿਸਾਸ ਹੀ ਨਹੀਂ
ਰਿਸ਼ਤੇ ਕਰੀਬ ਦਾ

-0-

ਸੱਚ ਵੀ ਹੋਇਆ ਤੇ
ਨਾ ਭੁੱਲਿਆ ਹੀ ਉਹ
ਨੀਂਦ 'ਚ ਆਇਆ ਸੀ ਜੋ
ਚਿਹਰਾ ਹਬੀਬ ਦਾ

-0-

ਪੁੱਛਦੇ ਨੇ ਹਾਲ ਲੋਕੀਂ
ਕਿੰਜ ਬੀਤੀ ਦੋਸਤਾ
ਉਤਰਿਆ ਨਸ਼ਾ ਕਿ ਨਹੀਂ
ਇਸ਼ਕੇ ਅਜੀਬ ਦਾਂ

-0-

ਸੁਫ਼ਨਿਆਂ ਵਿਚ
ਆਸ਼ਕੀ ਸੀ ਸੂਲ ਸੀ
ਅੱਖ ਖੁੱਲ੍ਹੀ ਸੱਚ ਹੁੰਦਾ ਵੇਖਿਆ
ਸੁਫ਼ਨਾ ਸਲੀਬ ਦਾ

-0-

# ਰੁੱਤਾਂ ਉਦਾਸ ਨੇ

ਰੁੱਤਾਂ ਉਦਾਸ ਨੇ
ਮੌਸਮ ਉਦਾਸ ਹੈ
ਸਿਲਸਿਲਾ ਗ਼ਮਾਂ ਦਾ
ਦਿਲ਼ ਦੇ ਪਾਸ ਹੈ

–0–

ਰਾਤ ਦੇ ਸਾਹ ਨੇ
ਕੁੱਝ ਉਖੜੇ ਉਖੜੇ
ਤਾਰਿਆਂ ਦੇ ਝੁਰਮਟ 'ਚ
ਚੰਨ ਨਿਰਾਸ਼ ਹੈ

–0–

ਕੌਣ ਆਖੇ ਦਿਨ ਨੂੰ
ਦੂੱਧੀਆ ਨਹੀਂ
ਸੂਰਜਾਂ ਦੇ ਲਹੂ 'ਚ
ਹਨ੍ਹੇਰੇ ਆਬਾਦ ਨੇ

–0–

ਰੌਸ਼ਨੀ ਤਾਂ ਉਸਦੀ ਹੈ
ਤੂੰ ਜਿਸ ਦੇ ਕੋਲ ਹੈਂ
ਤੇਰੇ ਤੋਂ ਦੂਰ ਆਦਮੀ
ਤਾਂ ਇਕ ਸਰਾਪ ਹੈ

–0–

ਫੁੱਲਾਂ ਨੂੰ ਮਿਲਣ ਲਈ
ਕਲੀਆਂ ਰਾਹ ਸੂਲਾਂ ਦੇ
ਪੌਣਾਂ ਦੇ ਕੰਠ 'ਚ
ਬ੍ਰਿਹੋਂ ਦਾ ਰਾਗ ਹੈ

-0-

ਭੁੱਜਿਆ ਗੁਲਸ਼ਨ
ਤੇ ਕੋਲੇ ਬਹਾਰ ਹੋ ਗਈ
ਕੋਇਲ ਦਾ ਧੁੱਖਦਾ ਦਿਲ
ਬਲਦੀ ਲਾਟ ਹੈ

-0-

## ਤੇਰਾ ਗ਼ਮ

ਤੇਰਾ ਗ਼ਮ ਜੀਣਾ
ਸਿੱਖਾ ਗਿਆ
ਜਿਉਂਦੇ ਜੀਅ
ਮਰਨਾ ਆ ਗਿਆ

-0-

ਉਜੜੀਆਂ ਮਹਿਫ਼ਲਾਂ
ਤੇ ਬੁੱਝੀਆਂ ਜਦ ਸ਼ਮਾਂ
ਹਨ੍ਹੇਰਿਆਂ ਨੂੰ ਜਗਣਾ
ਗ਼ਮਾਂ ਨੂੰ ਮੁਸਕਰਾਉਣਾ ਆ ਗਿਆ

-0-

ਆਖ ਸ਼ਹਿਰ ਦੇ ਲੋਕਾਂ ਨੂੰ
ਪੱਥਰ ਫੜਣ
ਸ਼ਹਿਰ ਦੀਆਂ ਗਲੀਆਂ 'ਚ
ਤੇਰਾ ਦੀਵਾਨਾ ਆ ਗਿਆ

-0-

ਕੀ ਗਿਲਾ ਲੋਕਾਂ ਤੇ
ਆਪਣੇ ਆਪ ਤੇ
ਬਦਲਿਆ ਸਮਾਂ
ਰਕੀਬਾਂ ਦਾ ਜ਼ਮਾਨਾ ਆ ਗਿਆ

-0-

ਬੀਤੀਆਂ ਰੌਣਕਾਂ
ਤੇ ਸ਼ਹਿਰ ਖੰਡਰ ਹੋ ਗਿਆ
ਕਬਰਾਂ 'ਚ ਸੁੱਤੀ ਜ਼ਿੰਦਗੀ
ਜਗਾਵਣ ਦਾ ਵੇਲਾ ਆਂ ਗਿਆ

-0-

ਕੌਣ ਭੁੱਲਿਆ ਹੈ
ਕਦੀ ਨੈਣਾਂ ਦੀ ਮਾਰ ਨੂੰ
ਉੱਠ ਖੜ੍ਹੇ ਮੁਰਦੇ
ਨੈਣਾਂ ਦਾ ਚੇਤਾ ਆ ਗਿਆ

-0-

## ਇਕ ਖ਼ੁਸ਼ੀ

ਇਕ ਖ਼ੁਸ਼ੀ ਮਿਲਣ ਦੀ
ਸੌ ਗ਼ਮ ਤੇਰੇ ਤੁਰ ਜਾਣ ਦਾ
ਕੀ ਕਰੇ ਕੋਈ ਦੋਸਤਾ
ਇਸ ਦਿਲ ਦੇ ਖ਼ੂਨ ਦਾ

-0-

ਚੜ੍ਹ ਗਿਆ ਸੂਲੀ ਕੋਈ
ਤੇ ਨੈਣ ਬੋਲੇ ਵੇਖਦੇ
ਮਿਲਿਆ ਏ ਤੈਨੂੰ ਦਸ ਕੀ
ਇਸ਼ਕੇ ਜ਼ਨੂੰਨ ਦਾ

-0-

ਨੈਣ ਉਸ ਦੇ ਉਸ ਨੂੰ
ਸੂਲੀ ਤਕ ਲੈ ਗਏ
ਮਿਲ ਗਿਆ ਸਿਲਾ
ਨੈਣਾਂ ਦੇ ਕਸੂਰ ਦਾ

-0-

ਖੇਡ ਇਸ਼ਕ ਦੀ 'ਚ
ਸਭ ਕੁੱਝ ਹੀ ਹਰ ਗਿਆ
ਚੌਸਰ ਦੀ ਖੇਡ ਖੇਡਦੇ
ਉਸ ਅਫਲਾਤੂਨ ਦਾ

-0-

ਕੋਈ ਦੀਵੇ ਬਾਲ ਕੇ
ਨੈਣਾਂ ਦੇ ਧਰ ਗਿਆ
ਲਾ ਕੇ ਮਲਬਾ ਹਿੱਕ ਨਾਲ
ਬੁਝੇ ਫਨੂਸ ਦਾ.

-0-

ਕਹਿ ਗਿਆ ਦਿਲ 'ਚ
ਦਿਲ ਦੀ ਦਿਲ ਨੂੰ ਕੋਈ
ਲੱਭੇ ਕੋਈ ਪਤਾ ਕਿਵੇਂ
ਦਿਲ ਦੇ ਜਾਸੂਸ ਦਾ

-0-

ਫੇਰ ਕੇ ਨਜ਼ਰਾਂ ਮੇਰੇ ਤੋਂ
ਗੈਰ 'ਚ ਰੁੱਝਿਆ ਰਿਹਾ
ਕਰਾਂ ਕੀ ਮੈਂ ਜ਼ਿਕਰ
ਸੱਜਣਾਂ ਦੇ ਖਾਲੂਸ ਦਾ

-0-

ਸ਼ੋਰ ਦੇ ਵਿਚ
ਚੁੱਪ ਦਾ ਸੱਚ ਗੁੰਮ ਗਿਆ
ਅੰਤ ਹੋਇਆ ਕਿਸ ਤਰ੍ਹਾਂ
ਦਿਲ ਦੇ ਜਲੂਸ ਦਾ

-0-

ਸੇਜ ਫੁੱਲਾਂ ਦੀ ਤੇ
ਕੰਡੇ ਵਿਛਾ ਗਿਆ
ਗਿਲਾ ਕਰਾਂ ਜਾਂ ਸ਼ੁਕਰੀਆ
ਉਸ ਦੇ ਵਜ਼ੂਦ ਦਾ

-0-

## ਫਲਕ ਦਾ ਪ੍ਰਵਾਜ਼

ਫਲਕ ਦਾ ਪ੍ਰਵਾਜ਼ ਹੈ
ਖੰਭਾਂ ਦੇ ਜੋਸ਼ 'ਚ
ਸਾਗਰ ਦਾ ਸ਼ੋਰ ਹੈ
ਦਿਲ ਖ਼ਾਮੋਸ਼ 'ਚ

-0-

ਖੁਸ਼ਬੂ ਵਰਗਾ ਯਾਰ ਹੈ
ਬੁੱਕਲ 'ਚ ਮੇਰੀ
ਕਿੰਝ ਰਹਾਂ ਫਿਰ ਮੈਂ
ਆਪਣੇ ਹੀ ਹੋਸ਼ 'ਚ

-0-

ਸਾਗਰ ਚੋਂ ਬੱਦਲ ਉੱਠੇ
ਸਹਿਰਾ ਤੇ ਵਰ੍ਹ ਗਏ
ਸਾਗਰ ਦੇ ਕੰਢੇ ਨੱਚੀਆਂ
ਲਹਿਰਾਂ ਜੋਸ਼ 'ਚ

-0-

ਚੁੱਪ ਛੱਡ ਕੇ ਜੰਗਲ਼
ਅੰਬਰ ਤੇ ਛਾ ਗਈ
ਆਇਆ ਜਦੋਂ ਜੰਗਲ ਦਾ
ਇਕ ਰੁੱਖ ਹੋਸ਼ 'ਚ

-0-

ਬੁੱਝ ਗਿਆ ਮੰਦਰ ਦਾ ਦੀਵਾ
ਦੇਖਦੇ ਹੀ ਦੇਖਦੇ
ਸੂਲੀ ਤੇ ਚੜ੍ਹਿਆ ਬੇਗੁਨਾਹ
ਕਤਲ ਦੇ ਦੋਸ਼ 'ਚ

-0-

ਜ਼ੁਲਫਾਂ ਦੀ ਛਾਂ ਹੇਠਾਂ
ਨੈਣਾਂ 'ਚ ਡੁੱਬਿਆ ਰਿਹਾ
ਪੀਂਦਾ ਰਿਹਾ ਨਿੱਘ ਯਾਰ ਦਾ
ਬੈਠਾ ਆਗੋਸ਼ 'ਚ

-0-

ਫੈਲਿਆ ਧਰਤ ਤੇ
ਅੰਬਰ ਤੇ ਛਾ ਗਿਆ
ਸ਼ੋਰ ਕਿੰਨਾ ਸੀ
ਪੱਥਰ ਦੇ ਦਿਲ ਖ਼ਾਮੋਸ਼ 'ਚ

-0-

## ਧੁੱਖਦਾ ਹੈ ਦਿਲ

ਦਿਲ ਇਹ ਧੁੱਖਦਾ ਹੈ
ਤੇਰੀ ਯਾਦ 'ਚ
ਉਦਾਸ ਰਹਿੰਦਾ ਹੈ
ਮੌਸਮ ਬਹਾਰ 'ਚ

-0-

ਖੁਸ਼ੀਆਂ ਵੀ ਨੇ
ਨੇ ਰੌਣਕਾਂ ਵੀ ਚਮਨ 'ਚ
ਧੁੱਖਦਾ ਹੈ ਦਿਲ
ਕੋਇਲ ਦਾ ਬਰਸਾਤ 'ਚ

-0-

ਚੰਨ ਵੀ ਚੜ੍ਹਿਆ ਹੈ
ਤਾਰੇ ਵੀ ਨਿਕਲੇ ਨੇ
ਡੁੱਬਿਆ ਹੈ ਸੂਰਜ
ਕਿਸੇ ਦਾ ਹਨ੍ਹੇਰੀ ਰਾਤ 'ਚ

-0-

ਕਬਰ ਤੇ ਆਇਆ
ਤੇ ਆ ਕੇ ਤੁਰ ਗਿਆ
ਬੋਲਦਾ ਸੀ ਮੁਰਦਾ
ਜਿਸਦੀ ਆਵਾਜ਼ 'ਚ

-0-

ਆਹਟ ਸੁਣਕੇ ਜਿਸ ਦੀ
ਮੁਰਦੇ ਸਨ ਜਾਗਦੇ
ਗੁੰਮਿਆਂ ਹੈ ਸੁਰ ਉਹ
ਜ਼ਿੰਦਗੀ ਦੇ ਸਾਜ਼ 'ਚ

-0-

# ਲਹੂ ਤੋਂ ਸੁਰਖ਼

ਨੈਣ ਤੇਰੇ ਦਗਦੇ
ਅੰਗਿਆਰ ਨੇ
ਲਹੂ ਤੋਂ ਸੁਰਖ਼
ਤੇਰੇ ਰੁਖ਼ਸਾਰ ਨੇ

-0-

ਚਿਹਰਾ ਹੈ ਤੇਰਾ
ਨੀਲੀ ਚਾਂਦਨੀ
ਗੇਂਸੂ ਤੇਰੇ
ਮੌਸਮ ਬਹਾਰ ਨੇ

-0-

ਬੁਲ੍ਹ ਤੇਰੇ
ਕਾਤਰਾਂ ਨੇ ਚੰਨ ਦੀਆਂ
ਨਕਸ਼ ਤੇਰੇ ਲਿਸ਼ਕਦੀ
ਨੰਗੀ ਤਲਵਾਰ ਨੇ

-0-

ਮੁੱਖ ਹੈ ਤੇਰਾ
ਸੂਰਜਾਂ ਦਾ ਕਾਫ਼ਲਾ
ਤੇਰੀਆਂ ਪਲਕਾਂ
ਨੂਰੀ ਆਬਸ਼ਾਰ ਨੇ

-0-

ਜ਼ੁੰਬਸ਼ ਹੈ ਤੇਰੀ
ਮਹਿਕ ਧਰਤ ਦੀ
ਮੁਸਕਾਨ ਤੇਰੀ
ਚਮਨ ਦੇ ਕਾਰੋਬਾਰ ਨੇ

–0–

ਰੰਗ ਹੈ
ਨੀਲੀਆਂ ਝੀਲਾਂ ਦਾ ਦਰਪਣ
ਰੁੱਖ਼ ਤੇ ਨਖ਼ਰਾ
ਕੁਦਰਤ ਦੀ ਨੁਹਾਰ ਨੇ

–0–

ਹਾਸਾ ਹੈ ਤੇਰਾ
ਸਾਗਰੀ ਲਹਿਰਾਂ ਦਾ ਰੂਪ
ਨੈਣ ਤੇਰੇ
ਖੁਲ੍ਹਦੇ ਰੱਬੀ ਦੁਆਰ ਨੇ

–0–

ਫੁੱਲ ਕਲੀਆਂ
ਭੌਰ ਮਹਿਕਾਂ ਤਿੱਤਲੀਆਂ
ਸੱਭ ਤੇਰੇ
ਹੁਸਨ ਦੇ ਬੀਮਾਰ ਨੇ

–0–

ਮਹਿਕ ਤੇਰੀ
ਪੌਣਾਂ ਚੋਂ ਹੈ ਸਿਮਦੀ
ਰੱਬੀ ਕੰਠ ਦੀ ਅਵਾਜ਼ ਨੇ

-0-

## ਗਲੀਆਂ 'ਚ ਤੇਰੀਆਂ

ਬਚਪਨ ਜੁਆਨੀ ਖੋਹ ਗਿਆ
ਗਲੀਆਂ 'ਚ ਤੇਰੀਆਂ
ਜਿਉਂਦੇ ਜੀਅ ਕਬਰਾਂ ਹੋ ਗਿਆ
ਗਲੀਆਂ 'ਚ ਤੇਰੀਆਂ

-0-

ਲਾਸ਼ ਚੁੱਕ ਕੇ ਮੋਢਿਆਂ ਤੇ
ਦਰ-ਬ-ਦਰ ਫਿਰਿਆ ਸੀ ਉਹ
ਅਜ਼ਨਬੀ ਕਹਿ ਕੇ
ਸ਼ਹਿਰ ਨੇ ਅੱਖਾਂ ਸੀ ਫੇਰੀਆਂ

-0-

ਬੁਲਾਇਆ ਉਸ ਨੂੰ ਮੌਤ ਨੇ
ਉਹ ਕੁੱਝ ਨਾ ਬੋਲਿਆ
ਕਰ ਨਾ ਸਕਿਆ ਅੱਖੀਉਂ ਓਹਲੇ
ਸੂਰਤਾਂ ਉਹ ਤੇਰੀਆਂ

-0-

ਤੇਰੀ ਜ਼ਫ਼ਾ 'ਚ ਮਰਨਾ ਵੀ
ਕਬੂਲ ਸੀ ਉਸ ਨੂੰ
ਡੁੱਬ ਗਿਆ ਸੂਰਜ ਉਹ
ਵਿਚ ਰਾਤਾਂ ਹਨ੍ਹੇਰੀਆਂ

-0-

ਆਏ ਉਹ ਤੇ
ਕਬਰ ਚੋਂ ਕੋਈ ਬੋਲਿਆ
ਜ਼ਿੰਦਗੀ ਨੇ ਆਉਣ ਨੂੰ
ਲਾਈਆਂ ਕਿਉਂ ਦੇਰੀਆਂ

-0-

ਯਾਦ ਰੱਖੀਂ ਦੋਸਤਾ
ਜ਼ਫ਼ਾ ਕਮਾਉਣ ਵਾਲਿਆ
ਤੇਰੀ ਕਬਰ ਤੇ ਬਲਣਗੇ
ਦੀਵੇ ਜ਼ਫ਼ਾਵਾਂ ਤੇਰੀਆਂ

-0-

ਨਿਕਲ ਆਇਆ
ਪਾੜ ਪਿੰਡਾ ਕਬਰ ਦਾ
ਪੁਕਾਰਿਆ ਉਸ ਨੂੰ
ਜਦ ਵੀ ਨੈਣਾਂ ਨੇ ਤੇਰਿਆਂ

-0-

## ਚਮਨ ਹਾਂ

ਚਮਨ ਹਾਂ
ਮੇਰੀ ਬਹਾਰ ਕੋਈ ਨਹੀਂ
ਵੀਰਾਨ ਹਾਂ
ਮੇਰੀ ਗੁਲਜ਼ਾਰ ਕੋਈ ਨਹੀਂ
–0–
ਸ਼ਹਿਰ ਸਾਂ ਜਗ਼ਦਾ ਸਾਂ
ਚਿਰਾਗਾਂ ਦੀ ਤਰ੍ਹਾਂ
ਖੰਡਰ ਹਾਂ ਆਪਣੇ ਆਪ 'ਚ
ਮੇਰੀ ਨੁਹਾਰ ਕੋਈ ਨਹੀਂ
–0–
ਬਹੁਤ ਪਿੱਛੇ ਰਹਿ ਗਿਆ ਹੈ
ਰੌਣਕਾਂ ਦਾ ਪਰਤਣਾ
ਸਿਰਨਾਵੇਂ ਬਿਨਾਂ ਉਹ ਘਰ ਹਾਂ
ਜਿਸ ਦਾ ਪਤਾ ਕੋਈ ਨਹੀਂ
–0–
ਰਹਿਮਤਾਂ, ਤੇ ਨਿਹਮਤਾਂ ਦੀ
ਕੁੱਖ ਸਾਂ ਕਦੀ
ਉਦਾਸ ਮੇਰੀ ਚੁੱਪ ਨੂੰ
ਸ਼ੋਰ ਮੇਰੇ ਦੀ ਖ਼ਬਰ ਕੋਈ ਨਹੀਂ
–0–
ਛੁੱਪਾ ਲਏ ਸਭ ਜ਼ਖ਼ਮ
ਦਿਲ ਨੇ ਆਪਣੇ ਗ਼ਮ 'ਚ
ਦਿਲ ਦੇ ਗ਼ਮ ਨੂੰ ਦੁਨੀਆਂ
ਦਿਲ ਨਾਲ ਲਾਇਆ ਕੋਈ ਨਹੀਂ
–0–

ਗੈਰ ਨਹੀਂ ਕੋਈ ਵੀ
ਦੁਨੀਆਂ 'ਚ ਸਭ ਨੇ ਆਪਣੇ
ਸਾਰਾ ਜਹਾਂ ਹੈ ਆਪਣਾ
ਪਰ ਆਪਣਾ ਕੋਈ ਨਹੀਂ

-0-

ਕਬਰਾਂ 'ਚ ਜਾ ਕੇ
ਵਸ ਗਏ ਨੇ ਲੋਕ ਉਹ
ਜ਼ਿੰਦਗੀ ਦੇ ਢਾਰੇ ਹੇਠ
ਜਿੰਨ੍ਹਾਂ ਦਾ ਗੁਜ਼ਾਰਾ ਕੋਈ ਨਹੀਂ

-0-

ਜ਼ਿੰਦਗੀ ਹੈ ਕਾਫ਼ਲਾ
ਇਕ ਸੂਰਜਾਂ ਦੀ ਅੱਗ ਦਾ
ਸੂਰਜਾਂ ਦੀ ਅੱਗ ਦੇ
ਹਨ੍ਹੇਰੇ ਦਾ ਕਿਨਾਰਾ ਕੋਈ ਨਹੀਂ

-0-

ਹੋ ਕੇ ਇਸ ਦੁਨੀਆਂ ਦਾ
ਕੀ ਖੱਟਿਆ ਤੂੰ ਦੋਸਤਾ
ਦੁਨੀਆਂ 'ਚ ਤੇ ਆਪਣਾ
ਸਾਇਆ ਵੀ ਆਪਣਾ ਕੋਈ ਨਹੀਂ

-0-

## ਤੇਰੇ ਆਉਣ

ਤੇਰੇ ਆਉਣ
ਤੇਰੇ ਜਾਣ ਤੇ ਆਏ ਆਂਸੂ
ਤੇਰੇ ਹਿਜ਼ਰ
ਤੇਰੀ ਵਸਲ ਦੇ ਤਹਿਰਾਏ ਆਂਸੂ

-0-

ਬੜਾ ਸੀ ਸ਼ੂਕਦਾ
ਝੱਖੜਾਂ ਤੂਫ਼ਾਨਾਂ 'ਚ ਝਨਾਂ
ਹਸਰਤ ਦੀਦਾਰੇ ਯਾਰ ਸੀ
ਤਰ ਆਏ ਆਂਸੂ

-0-

ਭੁੱਲਿਆ ਨਹੀਂ ਦਿਲ
ਤੇਰੀ ਜ਼ਫ਼ਾ ਅਜੇ ਦੋਸਤਾ
ਤੇਰੀ ਕਬਰ ਤੇ ਬਾਲ ਕੇ ਦੀਵੇ
ਧਰ ਆਏ ਆਂਸੂ

-0-

ਸੜਿਆ ਕੋਈ ਪ੍ਰਵਾਨਾ
ਜਦ ਸ਼ਮਾਂ ਤੇ ਆਣ ਕੇ
ਸਾੜਣ ਦੀ ਕਰ ਤੋਬਾ
ਸ਼ਮਾਂ ਬਹਾਏ ਆਂਸੂ

-0-

ਕਿਸ ਕਲੀ ਦੀ ਖੁਸ਼ਬੂ ਦਾ
ਬਲਿਆ ਹੈ ਸਿਵਾ
ਭੁੱਸਕਦੀ ਹੋਈ ਮੌਤ ਦੇ ਨੈਣੀਂ
ਭਰ ਆਏ ਆਂਸੂ

-0-

ਵੇਖ ਕੇ ਬ੍ਰਿਹਾ 'ਚ
ਸੜਦਾ ਕੋਇਲ ਦਾ ਬਦਨ
ਮੌਸਮਾਂ ਬਹਾਰਾਂ ਰੁੱਤਾਂ ਦੇ
ਨੈਣੀਂ ਆਏ ਆਂਸੂ

-0-

ਵੇਖ ਪਿਘਲਦੀ ਮੋਮ
ਸੱਸੀ ਦੀ ਥਲੀਂ
ਸਾਗਰ ਦੇ ਨੈਣਾਂ 'ਚ
ਉਬਲ ਆਏ ਆਂਸੂ

-0-

ਕਤਲ ਕੀਤਾ ਸਿਰ
ਕਿਸੇ ਆਸ਼ਕ ਦਾ ਤਖ਼ਤ ਨੇ
ਤਲਵਾਰ ਦੀ ਅੱਖ 'ਚ
ਉਤਰ ਆਏ ਆਂਸੂ

-0-

ਬੋਲਿਆ ਨਾ ਯਾਰ
ਮਰ ਗਿਆ ਕੋਈ ਪੁਕਾਰਦਾ
ਕਬਰਾਂ ਦੀ ਪਿਘਲੀ ਚੁੱਪ ਨੈਣੀਂ
ਤਰ ਆਏ ਆਂਸੂ

-0-

## ਕਰਦੀਆਂ ਪਿੱਛਾ

ਕਰਦੀਆਂ ਪਿੱਛਾ ਮੇਰਾ
ਨਜ਼ਰਾਂ ਨੇ ਤੇਰੀਆਂ
ਦਿੱਸਦੀਆਂ ਹਰ ਪਾਸੇ
ਲੱਗੀਆਂ ਨੇ ਤੇਰੀਆਂ !

-0-

ਤੀਲਾ ਤੀਲਾ ਬਿਖ਼ਰਿਆ
ਆਸ਼ੀਆਂ ਮੇਰਾ
ਤੇਰੀਆਂ ਜ਼ੁਲਫ਼ਾਂ ਦੀਆਂ
ਐਸੀਆਂ ਵਗੀਆਂ ਹਨ੍ਹੇਰੀਆਂ

-0-

ਬਲ ਬਲ ਕੇ ਬੁੱਝੀ ਸ਼ਮਾਂ
ਪ੍ਰਵਾਨਾ ਉਡੀਕਦੀ
ਪ੍ਰਵਾਨੇ ਦੀਆਂ ਅੱਖ੍ਹਾਂ 'ਚ ਸਨ
ਰਾਤਾਂ ਹਨ੍ਹੇਰੀਆਂ

-0-

ਉਡੀਕ ਦੀਆਂ ਉਸ ਨੂੰ
ਕਬਰਾਂ ਵੀ ਸੌਂ ਗਈਆਂ
ਭੁੱਲਿਆ ਮਰਨਾ
ਤੱਕ ਹੁਸਨ ਦੀਆਂ ਚੋਗਾ ਖਲੇਰੀਆਂ

-0-

ਹਸਰਤਾਂ ਦੇ ਦਾਗ਼
ਬਲਕੇ ਲਪਟਾਂ ਬਣੇ
ਕਬਰਾਂ 'ਚ ਸੁੱਤੀਆਂ ਰੀਝਾਂ
ਬਣੀਆਂ ਹਨ੍ਹੇਰੀਆਂ

-0-

ਜ਼ਫ਼ਾ ਸੀ ਜਾਂ ਵਫ਼ਾ ਦਾ
ਪੈਗੰਬਰੀ ਬੋਲ ਸੀ
ਸੁਣਕੇ ਆਈਆਂ ਸੂਰਜਾਂ ਨੂੰ
ਠੰਡੀਆਂ ਤਰੇਲੀਆਂ

-0-

ਉਸ ਬੋਲ ਦੀ ਹਸਰਤ ਨੂੰ
ਕੋਈ ਕੀ ਕਹੇ
ਸੁਣਕੇ ਪੱਥਰਾਂ ਤਰਨ ਲਈ
ਲਾਈਆਂ ਨਾ ਦੇਰੀਆਂ

-0-

## ਅਹਿਸਾਸ ਮੇਰਾ

ਦੋਸਤਾ ਅਹਿਸਾਸ ਮੇਰਾ
ਜ਼ਖ਼ਮੀ ਕਰ ਗਿਉਂ
ਇਸ਼ਕ ਦਾ ਬਲਦਾ ਸਿਵਾ
ਤਲੀ ਤੇ ਧਰ ਗਿਉਂ

-0-

ਬੀਜਦਾ ਮੈਂ ਰੌਣਕਾਂ
ਫੁੱਲਾਂ ਦੀਆਂ ਹਰ ਪੈਰ ਤੇ
ਖਿੜਣ ਦੀ ਰੁੱਤੇ
ਕਿਉਂ ਪੱਥਰ ਹੋ ਗਿਉਂ

-0-

ਪੰਛੀ ਸੀ ਅਜੇ ਕੋਈ
ਖੰਭਾਂ ਨੂੰ ਤੋਲਦਾ
ਉੱਡਣ ਲਈ ਪ੍ਰਵਾਜ਼
ਅੰਬਰ ਦਾ ਖੰਭੀ ਧਰ ਗਿਉਂ

-0-

ਚੁੱਪਾਂ ਉਦਾਸੀਆਂ ਦੇ
ਉੱਗਾ ਕੇ ਸਿਲਸਿਲੇ
ਕਿਹੜੀਆਂ ਰੁੱਤਾਂ ਦੇ
ਸਿੰਗੀ ਚੜ੍ਹ ਗਿਉਂ

-0-

ਹੂਕ ਉਠੀ ਜ਼ਿਗਰ ਚੋਂ
ਕਬਰਾਂ ਤੇ ਦੀਵੇ ਬਾਲ ਕੇ
ਤਿੜਕੀਆਂ ਕਬਰਾਂ
ਤੇ ਮੁਰਦੇ ਜਿਉਂਦੇ ਕਰ ਗਿਉਂ

-0-

ਵਰਦੀ ਹੈ ਮੌਤ ਜ਼ਿੰਦਗੀ
ਜਾਂ ਜ਼ਿੰਦਗੀ ਮੌਤ ਨੂੰ
ਸੜ ਕੇ ਸ਼ਮਾਂ ਬੁੱਝਾ ਗਿਉਂ
ਜ਼ਿੰਦਗੀ ਨੂੰ ਵਰ ਗਿਉਂ

-0-

ਸਾਡਾ ਨਸੀਬ ਸੀ
ਹੰਝੂਆਂ 'ਚ ਡੁੱਬ ਗਏ
ਤੂੰ ਹੰਝੂਆਂ ਦਾ ਸਾਗਰ
ਡੁੱਬ ਕੇ ਵੀ ਤਰ ਗਿਉਂ

-0-

## ਗਲੀਆਂ ਉਦਾਸ ਨੇ

ਗਲੀਆਂ ਉਦਾਸ ਨੇ
ਰਾਹਾਂ ਉਦਾਸ ਨੇ
ਸੱਜਣਾ ਬਿਨਾਂ
ਗ਼ੋਰੀਆਂ ਬਾਹਾਂ ਉਦਾਸ ਨੇ

-0-

ਧਰਤ ਦਾ ਅੱਥਰੂ
ਅੰਬਰ ਦੀ ਅੱਖ ਚੋਂ ਡਿੱਗਾ
ਸੋਗ ਦੇ ਵਿਚ ਭਿੱਜੀਆਂ
ਹਵਾਵਾਂ ਉਦਾਸ ਨੇ

-0-

ਵਰ੍ਹ ਗਏ ਹੰਝੂਆਂ ਦੇ
ਬੱਦਲ ਜਿਮੀਂ ਤੇ
ਰੁੱਖਾਂ ਦੇ ਗਲ ਲੱਗੀਆ
ਛਾਵਾਂ ਉਦਾਸ ਨੇ

-0-

ਛੱਡ ਗਿਆ ਕੋਈ
ਜ਼ਿੰਦਗੀ ਦਾ ਆਲ੍ਹਣਾ
ਦਿਨ ਕਟੀ ਲਈ
ਲੋਕ ਮੌਤ ਦੇ ਮੁਥਾਜ਼ ਨੇ

-0-

ਹੈ ਸਾਕੂਨ ਲਬਾਲਬ
ਜ਼ਿੰਦਗੀ ਦਾ ਸਾਗਰ
ਜ਼ਿੰਦਗੀ ਹਨ ਜੀਅ ਰਹੇ
ਜੋ ਤੇਰੇ ਪਾਸ ਨੇ

-0-

ਕਿੱਥੇ ਕੋਈ ਕਲੀ
ਖਿੜ੍ਹੇਗੀ ਫੁੱਲ ਬਣਨ ਲਈ
ਧਰਤ ਤੋਂ ਅੰਬਰ ਤਕ
ਥਾਵਾਂ ਉਦਾਸ ਨੇ

-0-

ਕਈ ਰੰਗ ਰੂਪ
ਤੇ ਸੂਰਤਾਂ ਨੇ ਤੇਰੀਆਂ
ਇਕ ਸੱਚ ਹੈ ਤੇਰਾ
ਕਈ ਤੇਰੇ ਲਿਬਾਸ ਨੇ

-0-

## ਯਾਦ ਕਰ

ਯਾਦ ਕਰ ਤੂੰ ਕਿਹਾ ਹੈ
ਬਹਾਰ ਸੀ
ਯਾਦ ਕਰ ਮੈਂ ਕਿਹਾ ਹੈ
ਉਜਾੜ ਸੀ

–0–

ਨਾ ਉਹ ਬਹਾਰ ਸੀ
ਨਾ ਉਹ ਉਜਾੜ ਸੀ
ਮੌਸਮਾਂ ਦੇ ਦਿਲਾਂ 'ਚ
ਰੁੱਤਾਂ ਦਾ ਗੁਬਾਰ ਸੀ

–0–

ਸਮਝਿਆ ਜਿਸ ਨੂੰ
ਰੌਣਕਾਂ ਰੰਗੀਨੀਆਂ
ਨੰਗਿਆਂ ਜਿਸਮਾਂ ਦਾ
ਉਹ ਬਾਜ਼ਾਰ ਸੀ

–0–

ਨਜ਼ਰ ਨਹੀਂ ਸੀ ਹੁਸਨ ਦੀ
ਸਿਰ ਕਲਮ ਕਰ ਰਹੀ
ਉਹ ਹਵਾ 'ਚ ਲਟਕਦੀ
ਨੰਗੀ ਤਲਵਾਰ ਸੀ

–0–

ਖਾ ਲਿਆ ਪਤਝੜਾਂ
ਉਦਾਸੀਆਂ ਜਿਸ ਨੂੰ
ਪੱਥਰਾਂ ਚੋਂ ਪੁੰਗਰਦੀ
ਉਹ ਬਹਾਰ ਸੀ

–0–

ਉੱਗ ਪਿਆ ਚਿਹਰੇ ਤੇ
ਹਰਿਆਉਲਾ ਜੰਗਲ
ਦਿਲ ਦੇ ਦਾਗ਼ਾਂ ਦੀ ਉਹ
ਖਿੜੀ ਗੁਲਜ਼ਾਰ ਸੀ।

–0–

## ਬੁੱਝ ਗਿਆ ਦੀਵਾ

ਬੁੱਝ ਗਿਆ ਦੀਵਾ
ਮੇਰੀ ਪ੍ਰੀਤ ਦਾ
ਡੁੱਬ ਗਿਆ ਸੂਰਜ
ਤੇਰੀ ਦੀਦ ਦਾ

–0–

ਘਿਰ ਗਈ ਜ਼ਿੰਦਗੀ ਦੀ
ਕਿਸ਼ਤੀ ਤੂਫ਼ਾਨਾਂ 'ਚ
ਆਉਂਦਾ ਨਹੀਂ ਨਜ਼ਰ ਕੋਈ
ਕਿਨਾਰਾ ਉਮੀਦ ਦਾ

–0–

ਸਿਵੇ ਦੇ ਚਾਨਣ 'ਚ
ਸ਼ਮਸ਼ਾਨ ਰੌਸ਼ਨ ਹੋ ਗਿਆ
ਬਲਿਆ ਹੈ ਸੂਰਜਾਂ ਵਾਂਗ
ਦਿਲ ਆਸ਼ਕ ਗਰੀਬ ਦਾ

–0–

ਸੁੰਨ ਨੇ ਗਲੀਆਂ
ਉਦਾਸ ਨੇ ਘਰ ਤੇ ਵਿਹੜੇ
ਉੱਠਿਆ ਜਨਾਜ਼ਾ
ਉਡੀਕਦੀ ਕਿਸੇ ਦਹਿਲੀਜ਼ ਦਾ

–0–

ਹਨ੍ਹੇਰਿਆਂ ਸੰਗ
ਸ਼ਾਹ ਰਾਤਾਂ ਵੀ ਜਾਗੀਆਂ
ਸੂਰਜ ਦੇ ਮੂੰਹ ਤੇ ਡੁਲ੍ਹਿਆ
ਲਹੂ ਕਿਸੇ ਅਦੀਬ ਦਾ

-0-

ਕਿਵੇਂ ਜਾਗਣਗੇ
ਜੰਗਲ ਦੇ ਇਹ ਰੁੱਖ ਸੁੱਤੜੇ
ਮੋਇਆ ਹੈ ਕੰਠ 'ਚ ਪ੍ਰਵਾਜ਼
ਪੌਣਾਂ ਦੇ ਗੀਤ ਦਾ!

-0-

ਕਦ ਕਰੇਗਾ ਠੰਡਿਆਂ
ਸੜਦਾ ਸੂਰਜ ਤੇ ਆਸਮਾਂ
ਬੁੱਲ੍ਹਾ ਹੁਣੇ ਹੀ ਧਰਤ ਚੋਂ
ਜਨਮਿਆ ਹਵਾ ਸੀਤ ਦਾ

-0-

# ਮੈਂ ਤੇਰੇ ਕਦਮਾਂ ਤੇ

ਮੈਂ ਤੇਰੇ ਕਦਮਾਂ ਤੇ
ਦੀਵੇ ਜਗਾਉਂਦਾ ਰਿਹਾ
ਤੂੰ ਹਰ ਕਦਮ ਤੇ
ਦੀਵੇ ਬੁਝਾਉਂਦਾ ਰਿਹਾ

–0–

ਬੁੱਝਿਆ ਨਹੀਂ ਸੀ
ਸਿਵਾ ਅਜੇ ਮੇਰਾ
ਮੌਤ ਮੇਰੀ ਦਾ ਜਸ਼ਨ
ਤੂੰ ਗੈਰਾਂ 'ਚ ਮਨਾਉਂਦਾ ਰਿਹਾ

–0–

ਧੋਖਾ ਨਿਰਾ ਸੀ
ਤੇਰਿਆਂ ਨੈਣਾਂ ਦਾ ਆਸ਼ੀਆਂ
ਅੰਬਰ ਦੇ ਤਾਰੇ
ਤੇਰੀਆਂ ਜ਼ੁਲਫ਼ਾਂ 'ਚ ਸਜਾਉਂਦਾ ਰਿਹਾ

–0–

ਤੂੰ ਤੇ ਪੱਥਰ ਦਾ ਬੁੱਤ
ਨਿਕਲਿਓਂ ਯਾਰਾ
ਮੈਂ ਤੈਨੂੰ ਰੱਬ ਵਾਂਗ
ਪੂੱਜਦਾ ਧਿਆਉਂਦਾ ਰਿਹਾ

–0–

ਹਰ ਕਦਮ ਹਰ ਮੋੜ ਤੇ
ਤੂੰ ਫੇਰੀਆਂ ਅੱਖ੍ਹਾਂ
ਮੈਂ ਤੱਕਿਆ ਜਿੱਧਰ ਵੀ
ਤੂੰ ਹੀ ਨਜ਼ਰ ਆਉਂਦਾ ਰਿਹਾ

-0-

ਨਾ ਧੁੱਪਾਂ ਨੇ ਸਾੜਿਆ
ਨਾ ਅੱਗਾਂ ਨੇ ਸਾੜਿਆ
ਤੇਰੀਆਂ ਜ਼ੁਲਫ਼ਾਂ ਦੀ ਛਾਂ ਹੇਠਾਂ
ਪਿਘਲ ਜਾਂਦਾ ਰਿਹਾ

-0-

ਕਬਰਾਂ ਦੀ ਭੀੜ ਸੀ
ਸੀ ਮੁਰਦਿਆਂ ਦਾ ਹਾਜ਼ੂਮ
ਹਰ ਮੁਰਦੇ ਦੀ ਅੱਖ੍ਹ ਚੋਂ
ਤੂੰ ਹੀ ਨਜ਼ਰ ਆਉਂਦਾ ਰਿਹਾ

-0-

ਸੀ ਨਿਰਾ ਫ਼ਰੇਬ
ਤੇਰੀ ਵਫ਼ਾ ਤੇਰੀ ਦੋਸਤੀ
ਕਬਰਾਂ ਚੋਂ ਉਠਿਆ ਸ਼ੋਰ
ਪੌਣਾਂ 'ਚ ਰਲ ਜਾਂਦਾ ਰਿਹਾ

-0-

ਫਿਰ ਵੀ ਪਤਾ ਨਹੀਂ
ਕਿਉਂ ਦਿਲ ਤੇਰਾ ਹੋ ਗਿਆ
ਦਿਲ ਨੂੰ ਤੇਰੇ ਚੋਂ ਕੀ
ਆਪਣਾ ਨਜ਼ਰ ਆਉਂਦਾ ਰਿਹਾ

-0-

## ਨੈਣਾਂ ਦੀ ਨਜ਼ਰ

ਤੇਰਿਆਂ ਨੈਣਾਂ ਦੀ
ਨਜ਼ਰ ਹੋ ਗਏ
ਤੇਰਿਆਂ ਪੈਰਾਂ ਦਾ
ਸਫ਼ਰ ਹੋ ਗਏ

–0–

ਤਲਾਸ਼ ਸੀ ਮੈਨੂੰ
ਜਿਸ ਦੀ ਉਮਰ ਤੋਂ
ਆਰਜ਼ੂ ਮੇਰੀ ਦਾ
ਉਹ ਅਰਥ ਹੋ ਗਏ

–0–

ਅਜੇ ਵੀ ਮੇਰੇ ਲਈ
ਪਰਦਾ ਨਸ਼ੀਂ ਨੇ
ਜ਼ਮਾਨੇ ਲਈ ਭਾਵੇਂ
ਉਹ ਨਸ਼ਰ ਹੋ ਗਏ

–0–

ਪਤਾ ਨਹੀਂ ਲੱਗਿਆ
ਦਿਲ ਨੂੰ ਕਦ ਤੋਂ
ਦੁਨੀਆਂ–ਏ–ਦਿਲ ਦੀ
ਉਹ ਬਸਰ ਹੋ ਗਏ

–0–

ਉਤਰੇ ਨਹੀਂ ਅਜੇ
ਉਹ ਦਿਲ 'ਚ ਮੇਰੇ
ਆਗ਼ਾਜ਼ ਤੋਂ ਪਹਿਲਾਂ ਹੀ
ਹਸ਼ਰ ਹੋ ਗਏ

–0–

ਪਿਘਲਣਾ ਸੀ ਜਿਸ
ਮੇਰੇ ਲ਼ਹੂ 'ਚ ਉਤਰ ਕੇ
ਉੱਗਾ ਕੇ ਸਿਰਾਂ 'ਚ ਸੂਰਜ
ਸਾਹਾਂ 'ਚ ਸਰਦ ਹੋ ਗ਼ਏ

-0-

## ਮਿਲ ਜਾਏ

ਮਿਲ ਜਾਏ ਮੈਨੂੰ
ਜੇ ਸਾਥ ਤੇਰਾ
ਹੋ ਜਾਏ ਵੀਰਾਨਾ
ਆਬਾਦ ਮੇਰਾ

–0–

ਝੱਖੜਾਂ ਹਨ੍ਹੇਰੀਆਂ 'ਚ
ਨਾ ਬੁੱਝੇਗਾ ਕਦੀ
ਤੇਰੀ ਮੁਹੱਬਤ 'ਚ
ਬਾਲਿਆ ਚਿਰਾਗ ਮੇਰਾ

–0–

ਕੱਟਾਂਗਾ ਕਿਵੇਂ ਜ਼ਿੰਦਗੀ
ਸੜਦੇ ਥਲਾਂ 'ਚ ਮੈਂ
ਜ਼ੁਲਫ਼ਾਂ ਦੀਆਂ ਛਾਵਾਂ ਦਾ
ਮੁਹਥਾਜ਼ ਹਾਂ ਤੇਰਾ

–0–

ਤੇਰਿਆਂ ਨੈਣਾਂ ਚੋਂ
ਬਣਕੇ ਸੂਰਜ ਚੜ੍ਹਾਂ
ਚੰਨਾਂ ਤਾਰਿਆਂ ਦੀ ਲੋਅ
ਸੰਗ ਸਾਥ ਹੈ ਮੇਰਾ

–0–

ਮੈਂ ਕੀ ਲੈਣਾ ਹੈ
ਬੁੱਤਾਂ ਨੂੰ ਪੂਜ ਕੇ
ਤੇਰਾ ਦੀਦਾਰ ਹੀ ਮੁਕਤੀ ਦਾ
ਦੁਆਰ ਹੈ ਮੇਰਾ

–0–

ਤੇਰਾ ਵਜ਼ੂਦ ਹੈ
ਮੱਕਾ ਮਦੀਨਾ ਮੇਰਾ
ਤੇਰੇ ਵਜ਼ੂਦ 'ਚ
ਖ਼ੁਦਾ ਆਬਾਦ ਹੈ ਮੇਰਾ

-0-

ਗਰਦਸ਼ਾਂ ਸਭ
ਤੇਰੇ ਦਰ ਤ਼ੇ ਆ ਮੁੱਕੀਆਂ
ਤੂੰ ਖਜ਼ਾਨਾ ਨਿਹਮਤਾਂ ਦਾ
ਦਿਲਸ਼ਾਦ ਹੈ ਮੇਰਾ

-0-

## ਨੈਣਾਂ 'ਚ ਵਸਦਿਆਂ

ਮੇਰਿਆਂ ਨੈਣਾਂ 'ਚ
ਵਸਦਿਆ ਯਾਰਾ
ਹੁੰਦਾ ਨਹੀਂ ਤੇਰੇ ਬਿਨ
ਮੇਰਾ ਗੁਜ਼ਾਰਾ

-0-

ਨੈਣਾਂ ਤੇ ਦਿਲ ਵਿਚ
ਪਰਦਾ ਸੀ ਜੋ
ਗਿਰਾ ਦਿੱਤਾ ਮੈਂ ਦੋਸਤਾ
ਸਾਰੇ ਦਾ ਸਾਰਾ

-0-

ਹੁਣ ਤੇ ਉਤਰ ਆ
ਦਿਲ ਦੇ ਵਿਹੜੇ
ਉਡੀਕ ਦੀਆਂ ਕੰਧਾਂ ਛੱਤਾਂ
ਤੇ ਘਰ ਇਹ ਸਾਰਾ

-0-

ਸੁੰਨ ਹੈ ਧਰਤੀ ਤੇਰੇ ਬਿਨਾਂ
ਹੈ ਆਸਮਾਂ ਕਾਲਾ
ਟਿਮਟਿਮਾਂਦਾ ਹੀ ਨਹੀਂ
ਕੋਈ ਨਜ਼ਰ 'ਚ ਤਾਰਾ

-0-

ਸੜ ਰਿਹਾ ਹੈ ਜਿਸਮ
ਰੁੱਤਾਂ ਦਾ ਬਹਾਰਾਂ ਦਾ
ਹੈ ਅੰਬਰੀਂ ਅੱਗ ਦਾ ਗੋਲਾ
ਨਹੀਂ ਬੱਦਲ ਵਿਚਾਰਾ

-0-

ਤਰ ਗਏ ਸਾਗਰ
ਗਹਿਰੇ ਤੋਂ ਗਹਿਰਾ
ਮਿਲਿਆ ਨਹੀਂ ਜ਼ਿੰਦਗੀ
ਅਜੇ ਤੇਰਾ ਕਿਨਾਰਾ

-0-

ਲੈ ਗਿਆ ਉਸ ਨੂੰ
ਜ਼ਿੰਦਗੀ ਤੋਂ ਸੂਲ ਤੇ
ਜ਼ਿੰਦਗੀ ਤੋਂ ਦਿਲਕਸ਼ ਸੀ
ਮੌਤ ਦਾ ਇਸ਼ਾਰਾ

-0-

## ਪੌਣ ਸਾਗਰ ਨੂੰ

ਪੌਣ ਸਾਗਰ ਨੂੰ
ਕੋਈ ਚੁੰਮਦੀ ਹੈ ਜਾ ਰਹੀ
ਮਹਿਕ ਤੇਰੀ ਦੋਸਤਾ
ਇਸ ਤਰ੍ਹਾਂ ਹੈ ਆ ਰਹੀ

-0-

ਕੌਣ ਮੌਸਮ ਜ਼ਖ਼ਮੀ
ਕਰਕੇ ਸੁੱਟ ਗਿਆ
ਲਹੂ ਦੀ ਗੰਧ ਹੈ
ਚਮਨ ਚੋਂ ਆ ਰਹੀ

-0-

ਕਿਸ ਦਾ ਲਹੂ
ਡੁਲ੍ਹਿਆ ਹੈ ਸਲੀਬ ਤੇ
ਨੱਚ ਰਹੀ ਹੈ ਜ਼ਿੰਦਗੀ
ਤੇ ਮੌਤ ਮੁਸਕਰਾ ਰਹੀ

-0-

ਕਰ ਲਿਆ ਹਾਸਲ
ਹੈ ਕੀ ਮਨੁੱਖ ਨੇ
ਜ਼ਿੰਦਗੀ ਕਬਰਾਂ ਦਾ
ਸ਼ਮਸ਼ਾਨ ਹੁੰਦੀ ਜਾ ਰਹੀ

-0-

ਡਾਰ ਪੰਛੀਆਂ ਦੀ
ਜੰਗਲ ਛੱਡ ਗਈ
ਹਰਿਆਉਲ ਹੈ ਅੱਗ
ਬਣਦੀ ਜਾ ਰਹੀ

-0-

ਫੈਲ ਗਈ ਰੁੱਖਾਂ 'ਚ
ਭੁੱਖ ਇਹ ਕੈਸੀ
ਛਾਂ ਹੀ ਰੁੱਖਾਂ ਦੀ
ਰੁੱਖਾਂ ਨੂੰ ਖਾਂਦੀ ਜਾ ਰਹੀ

-0-

ਸਭ ਤਰਫ਼ ਹੈ
ਪਤਝੱੜ ਵੀਰਾਨੀ ਉਜਾੜ
ਕੋਇਲ ਹੈ ਕਿਹੜੀ
ਬਹਾਰ ਦਾ ਤਰਾਨਾ ਗਾ ਰਹੀ

-0-

ਭਰਮ ਸੀ ਜ਼ਿੰਦਗੀ
ਜ਼ਿੰਦਗੀ ਦਾ ਸਫ਼ਰ ਹੈ
ਸੱਚ ਹੈ ਜ਼ਿੰਦਗੀ
ਮੌਤ ਦੇ ਵਲ ਜਾ ਰਹੀ

-0-

ਜ਼ਿੰਦਗੀ ਹਸ਼ਰ ਤੋਂ ਪਹਿਲਾਂ
ਮੌਤ ਦਾ ਸੱਚ ਸਮਝਦੀ
ਮਿਲਦੀ ਗਲੇ ਜ਼ਿੰਦਗੀ
ਮੌਤ ਨੂੰ ਮੁਸਕਰਾ ਰਹੀ

-0-

## ਨਜ਼ਰ ਤੇਰੀ

ਨਜ਼ਰ ਤੇਰੀ ਹੈ
ਅੰਬਰ ਗਾਹ ਰਹੀ
ਖ਼ੁਸ਼ਬੂ ਤੇਰੀ
ਧਰਤ ਚੋਂ ਹੈ ਆ ਰਹੀ

-0-

ਛੱਡ ਗਿਆ ਪੰਛੀ ਕੋਈ
ਕੀ ਚਮਨ ਚੋਂ ਆਲ੍ਹਣਾ
ਚਮਨ ਦੀ ਹੈ ਰੂਹ
ਮਰਦੀ ਜਾ ਰਹੀ

-0-

ਭਾਲਦੀ ਸੀ ਬੱਦਲੀ
ਜੋ ਥਲ ਦਾ ਚਿਹਰਾ
ਹਵਾ ਹੈ ਉਸ ਨੂੰ
ਸਾਗਰ ਵਿਖਾ ਰਹੀ

-0-

ਅਜ਼ਬ ਸਿਲਸਿਲਾ ਹੈ
ਪਾਣੀ ਦੇ ਭਰਮ ਦਾ
ਕਿਸ਼ਤੀ ਕੋਈ ਹੈ
ਤਰਨ ਥਲਾਂ ਨੂੰ ਜਾ ਰਹੀ

-0-

ਮੁਕਦਾ ਹੈ ਸਫ਼ਰ
ਜੇ ਜ਼ਿੰਦਗੀ ਦਾ ਕਬਰ 'ਚ
ਕਬਰ ਚੋਂ ਹੀ
ਜ਼ਿੰਦਗੀ ਹੈ ਪੁੰਗਰਦੀ ਆ ਰਹੀ

-0-

ਕਬਰ ਦੀ ਚੁੱਪ ਹੀ
ਜ਼ਿੰਦਗੀ ਦੀ ਆਵਾਜ਼ ਹੈ
ਜ਼ਿੰਦਗੀ ਨੂੰ ਮੌਤ
ਆਪਣਾ ਸੱਚ ਹੈਂ ਸਮਝਾ ਰਹੀ

-0-

ਮੌਸਮਾਂ ਰੁੱਤਾਂ ਬਹਾਰਾਂ
ਦਾ ਹੈ ਆਸਰਾ
ਖ਼ੁਸ਼ਬੂ ਨੂੰ ਚਿੰਤਾ ਹੈ
ਪਤਝੱੜ ਦੀ ਖਾ ਰਹੀ

-0-

## ਦਾਗ਼ ਦਿਲ ਦੇ

ਦਾਗ਼ ਦਿਲ ਦੇ
ਹੰਝੂਆਂ ਨਾਲ ਧੋ ਲਏ
ਭਾਲਦੇ ਸੱਜਣਾਂ ਨੂੰ
ਸੱਜਣ ਖੋਹ ਗਏ

–0–

ਪ੍ਰਦੇਸ ਦੇ ਵਿਚ ਗ਼ੈਰ ਨੇ
ਗਲੀਆਂ ਤੇ ਬੂਹੇ ਬਾਰੀਆਂ
ਸੁਣ ਕੇ ਹੌਕਾ ਅਜ਼ਨਬੀ
ਲੋਕਾਂ ਨੇ ਬੂਹੇ ਢੋਅ ਲਏ

–0–

ਚੱਪਾ ਚੱਪਾ ਛਾਣਿਆ
ਇਸ ਸ਼ਹਿਰ ਦਾ
ਤਾਲਾ ਹੈ ਅੰਦਰੋਂ ਸ਼ਹਿਰ ਨੂੰ
ਲੋਕ ਕਿੱਧਰ ਤੁਰ ਗਏ

–0–

ਕੀ ਗਿਲਾ ਬਸਤੀ 'ਚ
ਵਸਦੇ ਗ਼ੈਰ ਲੋਕਾਂ ਤੇ
ਲਹੂ 'ਚ ਜਦ ਦੌੜਦੇ
ਸਾਏ ਪਰਾਏ ਹੋ ਗਏ

–0–

ਕਬਰਾਂ ਦੀ ਅਬਾਦੀ
ਹੋ ਗਿਆ ਹੈ ਸ਼ਹਿਰ ਇਹ
ਬੁੱਝੀਆਂ ਨੇ ਰੌਣਕਾਂ
ਤੇ ਚਿਰਾਗ ਸੌਂ ਗਏ

–0–

ਫੁੱਲਾਂ ਤੇ ਤੁਰਨਾ
ਭੁੱਲ ਜਾਂਦੇ ਨੇ ਲੋਕ
ਰਾਹ ਹੀ ਜਿਨ੍ਹਾਂ ਲਈ
ਸੂਲਾਂ ਹੋ ਗਏ

-0-

ਕੌਣ ਹੈ ਪੱਥਰਾਂ ਦੇ ਸ਼ਹਿਰ ਚੋਂ
ਫਿਰ ਬੋਲਦਾ
ਪੱਥਰ ਹੰਢਾਉਂਦੇ ਦਿਲ
ਜਿਨ੍ਹਾਂ ਦੇ ਪੱਥਰ ਹੋ ਗਏ

-0-

## ਕੋਈ ਬੋਲਦਾ ਨਹੀਂ

ਚੁੱਪ ਹੀ ਚੁੱਪ ਹੈ
ਕੋਈ ਚੁੱਪ ਤੋੜਦਾ ਨਹੀਂ
ਘਰਾਂ 'ਚ ਵਸਦੇ ਲੋਕ ਨੇ
ਕੋਈ ਬੋਲਦਾ ਨਹੀਂ

-0-

ਖ਼ੂਨ ਹੋਇਆ ਧੁੱਪ ਦਾ
ਗਲੀ ਦੇ ਮੋੜ ਤੇ
ਵੇਖਿਆ ਹੈ ਸ਼ਹਿਰ ਨੇ
ਕੋਈ ਬੋਲਦਾ ਨਹੀਂ

-0-

ਜਨਮ ਤੋਂ ਪਹਿਲਾਂ
ਜ਼ਿੰਦਗੀ ਕਬਰਾਂ ਦੇ ਰਾਹ
ਤੱਕਦਾ ਹੈ ਬੁਢਾਪਾ ਸ਼ਹਿਰ ਦਾ
ਕੋਈ ਬੋਲਦਾ ਨਹੀਂ

-0-

ਬੇਗੁਨਾਹ ਸੂਲੀ ਤੇ ਹੈ
ਹਵਾ ਦਾ ਬੁੱਲਾ
ਲਹੂ ਦੇ ਛਿੱਟੇ ਸ਼ਹਿਰ ਤੇ
ਕੋਈ ਬੋਲਦਾ ਨਹੀਂ

-0-

ਖ਼ੂਨ ਦੇ ਵਿਚ ਤੈਰਿਆ ਹੈ
ਬਦਨ ਸ਼ਹਿਰ ਦਾ
ਹੈ ਭੀੜ ਲੋਕਾਂ ਦੀ ਜੁੜੀ
ਕੋਈ ਬੋਲਦਾ ਨਹੀਂ

-0-

ਕੱਟਿਆਂ ਸਿਰਾਂ ਦੀਆਂ
ਫ਼ਸਲਾਂ ਨੇ ਚੌਕ 'ਚ
ਸੜਕਾਂ ਤੇ ਅੱਖਾਂ ਉੱਗੀਆਂ
ਕੋਈ ਬੋਲਦਾ ਨਹੀਂ

-0-

ਸੜਿਆ ਹੈ ਬਰਸਾਤ 'ਚ
ਜੰਗਲ ਰੁੱਖਾਂ ਦਾ
ਇਲਜ਼ਾਮ ਹੈ ਸਿਰ ਅੱਗਣ ਦੇ
ਕੋਈ ਬੋਲਦਾ ਨਹੀਂ

-0-

ਹੈ ਹਨ੍ਹੇਰੀ ਝੱਖੜ
ਜਾਂ ਕੋਈ ਤੂਫ਼ਾਨ ਹੈ
ਫਟਿਆ ਹੈ ਸੀਨਾ ਧਰਤ ਦਾ
ਕੋਈ ਬੋਲਦਾ ਨਹੀਂ

-0-

ਸੂਰਜ ਚੰਨ ਤਾਰੇ
ਬਨਵਾਸੀ ਹੋ ਗਏ
ਅੰਬਰ ਦੁਹੱਥੜੇ ਮਾਰਦਾ
ਕਈ ਬੋਲਦਾ ਨਹੀਂ

-0-

## ਰੁੱਖਾਂ ਦੀਆਂ ਛਾਵਾਂ

ਰੁੱਖਾਂ ਦੀਆਂ ਛਾਵਾਂ
ਪੌਣਾਂ ਦੇ ਸਰਮਾਏ
ਛੱਡਿਆ ਵਿਚਾਲੇ
ਨੇ ਉਮਰਾਂ ਦੇ ਘਾਟੇ

-0-

ਬਾਲਾਂ ਦੀਵੇ ਬਨੇਰੀਂ
ਮੁੱਕ ਜਾਣ ਹਨ੍ਹੇਰੇ
ਤੇਰੀਆਂ ਨੇ ਉਡੀਕਾਂ
ਦਿਲ ਤੇਰੀ ਹੈ ਵਾਟੇ

-0-

ਕਿਤੇ ਚੰਨ ਕਿਤੇ ਤਾਰੇ
ਨੇ ਹਿਜ਼ਰਾਂ ਦੇ ਮਾਰੇ
ਦਿਨ ਵਸਲਾਂ ਦੇ ਹੰਝੂ
ਗ਼ਮ ਬੁੱਕਲਾਂ ਦੀ ਰਾਤੇ

-0-

ਨਹੀਂ ਘਰ 'ਚ ਗੁਜ਼ਾਰਾ
ਜੱਗ ਵੈਰੀ ਹੈ ਸਾਰਾ
ਦਿਲ ਸੂਲੀ ਤੇ ਟੰਗਿਆ
ਹੈ ਤੇਰੀ ਹੀ ਝਾਤੇ

-0-

ਕਿਤੇ ਮੌਸਮ ਬਹਾਰਾਂ
ਕਿਤੇ ਪਤਝੜ ਉਜਾੜਾਂ
ਨਾ ਧੁੱਪਾਂ ਨਾ ਛਾਵਾਂ
ਨੇ ਸੂਲਾਂ ਤੇਰੀ ਰਾਹ ਤੇ

-0-

ਲਾਈ ਲੋਕਾਂ ਲਲਾਮੀ
ਲਿਖ ਚਿਹਰੇ ਤੇ ਗੁਲਾਮੀ
ਕਣੀ ਹੀਰਿਆਂ ਦੀ ਵਿਕੀ
ਕੌਡੀਆਂ ਦੇ ਭਾਅ ਤੇ

-0-

ਸੱਜੀ ਦੁਲਹਨ ਦੇ ਵਾਂਗੂੰ
ਸਾਂਗ ਪਰੀਆਂ ਦਾ ਕਰਕੇ
ਜੰਞ ਗ਼ਮਾਂ ਦੀ ਚੜ੍ਹੀ
ਸਾਡੀ ਬਰਾਤੇ

-0-

## ਤੂੰ ਪਿਆਰ ਤੇ

ਤੂੰ ਪਿਆਰ ਤੇ ਮੇਰਾ ਹੀ ਸੈਂ
ਪਰ ਹੋ ਗਿਓਂ ਕਿਸੇ ਗ਼ੈਰ ਦਾ
ਸੀ ਰਸਮ ਤੇਰੇ ਇਸ਼ਕ ਦੀ
ਦਸਤੂਰ ਤੇਰੇ ਸ਼ਹਿਰ ਦਾ

-0-

ਰੁੱਖਾਂ ਵਾਂਗ ਖੜ੍ਹਾ ਸਾਂ
ਮੈਂ ਤੇਰੀ ਰਾਹ 'ਚ
ਮੇਰੀ ਛਾਵੇਂ ਇਕ ਦੋ ਪਲ
ਤਾਂ ਤੂੰ ਠਹਿਰਦਾ

-0-

ਜ਼ਿੰਦਗੀ ਦਾ ਸੋਗ
ਦੇ ਕੇ ਤੁਰ ਗਿਓਂ
ਵੇਖਿਆ ਨਾ ਚੜ੍ਹਿਆ
ਤੂੰ ਰੰਗ ਕਹਿਰ ਦਾ

-0-

ਮੈਂ ਤਾਂ ਤੇਰੇ ਇਸ਼ਕ 'ਚ
ਪਹਿਲਾਂ ਹੀ ਮੋਇਆ ਸਾਂ
ਕਿਵੇਂ ਸਹਾਰਦਾ ਦਿਲ
ਸੂਰਜ ਤੇਰੀ ਦੁਪਹਿਰ ਦਾ

-0-

ਇਕ ਤੇਰੀ ਦੋਸਤੀ
ਦੁਸ਼ਮਣ ਜ਼ਮਾਨਾ ਹੋ ਗਿਆ
ਦੋਸਤੀ ਬਦਲੇ ਹੈ ਮਿਲਿਆ
ਸਿਲਾ ਵੈਰ ਦਾ

-0-

ਕੀ ਗਿਲਾ ਚੁੱਪ ਉਦਾਸੀ
ਪਤਝੜ ਵੀਰਾਨੀ ਤੇ
ਮੇਰਾ ਚੰਨ ਤਾਂ ਲੁਟਿਐ
ਬਹਾਰਾਂ ਦੇ ਪਹਿਰ ਦਾਂ

-0-

ਆਈ ਨਾ ਰਾਸ ਜ਼ਿੰਦਗੀ
ਕਿਰਨਾਂ ਦੇ ਨੂਰ ਨੂੰ
ਹੈ ਸੂਰਜਾਂ ਦਾ ਕਾਫ਼ਲਾ
ਕਬਰਾਂ 'ਚ ਠਹਿਰਦਾ

-0-

## ਬਾਗਾਂ 'ਚ ਫੁੱਲ

ਬਾਗੀਂ ਫੁੱਲ ਖਿੜੇ
ਰੁੱਖਾਂ ਨੂੰ ਬੂਰ ਪਿਆ
ਸਾਵਣ ਬੂਹੇ ਤੇ ਆ ਗਿਆ
ਸੱਜਣ ਤੁਰ ਦੂਰ ਗਿਆ

-0-

ਮੈਂ ਪੱਤ ਵਿਹੁਣਾ ਰੁੱਖ ਹਾਂ
ਇਕੱਲਾ ਉਜਾੜ 'ਚ
ਜੰਗਲ ਦੀ ਬੁੱਕਲੋਂ ਬਾਹਰ
ਹਾਂ ਜੋ ਉੱਗ ਪਿਆ

-0-

ਚਿਰਾਗ ਹਾਂ ਕਿਸੇ
ਬਦਨਸੀਬ ਕਬਰ ਦਾ
ਬੁੱਝਣ ਦੇ ਸੱਚ 'ਚ
ਹਾਂ ਜੋ ਜਗ ਰਿਹਾ

0-

ਨਾ ਵਸਲ ਨਾ ਹਿਜ਼ਰ ਦਾ
ਸਾਥ ਹੈ ਕੋਈ
ਜ਼ਿੰਦਗੀ 'ਚ ਮਿਲਿਆ
ਜੋ ਵੀ ਅਜ਼ਨਬੀ ਮਿਲਿਆ

-0-

ਆਏ ਸਾਂ ਦੁਨੀਆਂ 'ਚ
ਹੱਸ ਕੇ ਗੁਜ਼ਾਰਨ ਲਈ
ਬੰਦਿਆਂ ਦੀ ਦੁਨੀਆਂ 'ਚ
ਕੋਈ ਬੰਦਾ ਨਹੀਂ ਮਿਲਿਆ

-0-

ਨਾ ਕੋਈ ਮੰਜ਼ਿਲ
ਨਾ ਕੋਈ ਰਾਹ ਹੈ ਮੇਰੀ
ਆਪਣੇ ਹੀ ਕਦਮਾਂ 'ਚ
ਮਜ਼ਬੂਰ ਹਾਂ ਪਿਆ

-0-

ਸੁਫ਼ਨਾ ਹਾਂ ਕਿਸੇ
ਥਲ ਦੀ ਨੀਂਦ ਦਾ
ਇਕ ਬੂੰਦ ਲਈ
ਜਨਮਾਂ ਤੋਂ ਹਾਂ ਤਰਸ ਰਿਹਾ

-0-

## ਵਾਅਦਾ ਕਰ

ਵਾਅਦਾ ਕਰ
ਸੱਜਣ ਨਹੀਂ ਆਏ
ਦਿਲ ਦਾ ਸੂਰਜ
ਡੁੱਬਦਾ ਜਾਏ

-0-

ਪਤਾ ਸੀ
ਸੱਜਣਾ ਨਹੀਂ ਆਉਣਾ
ਦਿਲ ਚੰਦਰੇ ਨੂੰ
ਕਿੰਜ ਸਮਝਾਏ

-0-

ਸੋਚਾਂ ਸੋਚ
ਡੁੱਬੀ ਵਿਚ ਸੋਚਾਂ
ਲਹੂ ਜਿਗਰ ਦਾ
ਸੁੱਕਦਾ ਜਾਏ

-0-

ਇਕ ਭੁੱਲੇਖਾ
ਸੱਜਣਾ ਦੇ ਆਉਣ ਦਾ
ਦੂਜਾ ਪੌਣਾਂ
ਦਰ ਖੜਕਾਏ

-0-

ਫਿਰ ਫੋਲੇਂਗਾ
ਰਾਖ਼ ਮੇਰੀ ਨੂੰ
ਤਨ ਹਿਜ਼ਰਾਂ ਵਿਚ
ਸੜਦਾ ਜਾਏ

-0-

ਮੇਰਾ ਹਸ਼ਰ ਹੈ
ਸਾਵੇਂ ਮੇਰੇ
ਜ਼ਿਦਗੀ ਕਬਰਾਂ
ਹੁੰਦੀ ਜਾਏ

-0-

ਬਾਲ ਨੈਣਾਂ ਦੇ
ਦੀਵੇ ਢੂੰਡਾਂ
ਕਬਰ ਮੇਰੀ
ਕਿਸ ਦੀਪ ਜਲਾਏ

-0-

ਮਰ ਜਾਂ
ਖੁਲ੍ਹੇ ਰਹਿਣ ਇਹ ਦੀਦੇ
ਦੀਦ ਤੇਰੀ ਦੇ
ਜੋ ਤਰਿਹਾਏ

-0-

## ਇਸ਼ਕ 'ਚ ਤੇਰੇ

ਇਸ਼ਕ 'ਚ ਤੇਰੇ
ਇਤਬਾਰ ਸੂਲੀ ਚੜ੍ਹ ਗਿਆ
ਕਬਰ ਦਾ ਮੁਰਦਾ
ਪਰਤਣ ਦਾ ਵਾਅਦਾ ਕਰ ਗਿਆ

-0-

ਕੀ ਪਤਾ ਸੀ
ਬਲਣਾ ਨਹੀਂ ਚਿਰਾਗ
ਬਾਲ ਕੇ ਮੇਰੀ
ਜੋ ਬੁੱਕਲ 'ਚ ਧਰ ਗਿਆ

-0-

ਤਰਾਕ ਸਾਗਰਾਂ ਦਾ
ਕੰਢੇ ਤੇ ਡੁੱਬ ਗਿਆ
ਡਰਦਾ ਰਿਹਾ ਜੋ ਪਾਣੀਆਂ ਤੋਂ
ਸਾਗਰ ਤਰ ਗਿਆ

-0-

ਤਾਂਘ ਸੀ ਮੁਰਦੇ ਨੂੰ
ਯਾਰ ਦੇ ਦੀਦਾਰ ਦੀ
ਬਾਲ ਕੇ ਦੀਵਾ ਕੋਈ
ਕਬਰ ਤੇ ਧਰ ਗਿਆ

-0-

ਯਾਰ ਦੀ ਇਕ ਝਲਕ
ਵੇਖੀ ਨੀਂਦ 'ਚ
ਫ਼ਿਰ ਨਾ ਉੱਠਿਆ
ਕੋਈ ਸੁੱਤਾ ਹੀ ਮਰ ਗਿਆ

-0-

ਚੁੱਪ ਤੇ ਹਨ੍ਹੇਰੀਆਂ ਨੇ
ਗਲੀਆਂ ਯਾਰ ਦੀਆਂ
ਬਾਲ ਕੇ ਨੈਣਾਂ ਦੇ ਦੀਵੇ
ਕੋਈ ਰਾਹਾਂ 'ਚ ਧਰ ਗਿਆ

-0-

ਹੁਣੇ ਤਾਂ ਦਿਲ ਦੇ ਕੋਲ ਸੀ
ਨੈਣਾਂ ਦਾ ਹੰਝੂ
ਮੁੱਖੜੇ ਚੋਂ ਵਿਖਾ ਕੇ ਮੁੱਖੜਾ
ਮੇਰਾ ਕਿਧਰ ਗਿਆ

-0-

# ਚਿਰਾਗ ਮੇਰੀ ਵਫ਼ਾ ਦੇ

ਚਿਰਾਗ ਮੇਰੀ ਵਫ਼ਾ ਦੇ
ਜਗ ਜਗ ਕੇ ਬੁੱਝ ਗਏ
ਹਨ੍ਹੇਰਿਆਂ 'ਚ ਬਲਣ ਲਈ
ਫ਼ਿਰ ਨੇ ਰੁੱਝ ਗਏ

-0-

ਬੜਾ ਹੀ ਰੋਇਆ
ਇਹ ਦਿਲ ਤੇਰੀ ਯਾਦ 'ਚ
ਤੇਰੀਆਂ ਰਾਹਾਂ 'ਚ ਬਲ ਬਲ
ਦੀਵੇ ਨੈਣਾਂ ਦੇ ਬੁੱਝ ਗਏ

-0-

ਨਿਕਲੇ ਕੁੱਝ ਲੋਕ
ਮੰਜ਼ਿਲ ਦੀ ਤਲਾਸ਼ 'ਚ
ਰੁੱਖਾਂ ਦੀ ਛਾਵੇਂ ਸਾਹ ਲਿਆ
ਬੈਠੇ ਹੀ ਮੁੱਕ ਗਏ

-0-

ਚੰਨ ਵੀ ਅੰਬਰ ਤੇ ਹੈ
ਤਾਰੇ ਵੀ ਅੰਬਰ ਤੇ
ਇਸ਼ਕ ਦੇ ਸੂਰਜ
ਚੜ੍ਹਨ ਤੋਂ ਪਹਿਲਾਂ ਹੀ ਡੁੱਬ ਗਏ

-0-

ਜ਼ਿੰਦਗੀ ਤੁਰੇ ਅਸੀਂ
ਰਾਹ ਦੀ ਤਲਾਸ਼ 'ਚ
ਤੱਕਿਆ ਰਾਹ ਸਭ
ਘਰਾਂ ਨੂੰ ਹੀ ਪਰਤਦੇ

-0-

ਅੰਬਰ ਨਾ ਅੰਬਰ ਦੇ ਰਹੇ
ਨਾ ਧਰਤੀਆਂ ਦੇ ਹੋਏ
ਧਰਤੀਆਂ ਦੀ ਮਰਜ਼ੀ ਬਿਨਾਂ
ਅੰਬਰ ਜੋ ਝੁੱਕ ਗਏ

-0-

ਰੁੱਤਾਂ ਬਹਾਰਾਂ ਮੌਸਮ
ਗੁਲਸ਼ਨ ਦੇ ਦਰ ਆਏ
ਗੁਲਸ਼ਨ ਤੇ ਤਾਲਾ ਵੇਖ ਕੇ
ਰਾਹ ਚੋਂ ਹੀ ਮੁੜ ਗਏ

-0-

## ਯਾਦ ਤੇਰੀ ਵਿਚ

ਯਾਦ ਤੇਰੀ ਵਿਚ ਰੋ ਕੇ
ਕੀ ਕਰਾਂਗਾ ਮੈਂ
ਹਿਜ਼ਰ ਤੇਰਾ ਗਲ ਲਾ
ਜਿਉਂਦਾ ਮਰਾਂਗਾ ਮੈਂ

-0-

ਸੁਫ਼ਨਿਆਂ ਨੂੰ ਸੱਚ
ਜੇ ਨਸੀਬ ਹੀ ਨਹੀਂ
ਸੁਫ਼ਨਿਆਂ ਵਿਚ ਜੀਅ ਕੇ
ਕੀ ਕਰਾਂਗਾ ਮੈਂ

-0-

ਦੂਸਰੇ ਕੰਢੇ ਵੀ ਕੋਈ ਨਹੀਂ
ਨਾ ਇਸ ਤਰਫ਼
ਅੱਗ ਦਾ ਸਾਗਰ ਹੈ
ਤਰ ਕੇ ਕੀ ਕਰਾਂਗਾ ਮੈਂ

-0-

ਤੁਰਿਆ ਨਹੀਂ ਜੋ
ਲਹੂ 'ਚ ਸੰਗ ਸਾਹਾਂ ਦੇ
ਸਾਏ ਨੂੰ ਫੜਕੇ ਉਸਦੇ
ਕੀ ਮਰਾਂਗਾ ਮੈਂ

-0-

ਸਾਥ ਨਹੀਂ ਜਿਸਦਾ
ਗ਼ਮ 'ਚ ਨਸੀਬ
ਹਾਸੇ ਉਸਦੇ ਯਾਦ ਕਰਕੇ
ਕੀ ਕਰਾਂਗਾ ਮੈਂ

-0-

ਛੱਡ ਭੋਲਿਆ ਦਿਲਾ
ਤਸੱਵਰ ਵੀ ਉਸਦਾ
ਬੁੱਤ ਬਣਾ ਕੇ ਪੂਜ ਉਸ ਨੂੰ
ਕੀ ਕਰਾਂਗਾ ਮੈਂ

-0-

ਯਾਦ ਜਿਸ ਦੀ
ਜ਼ਿੰਦਗੀ 'ਚ ਅੱਕ ਘੋਲ ਗਈ
ਜਾਮ ਉਹ ਬੁਲ੍ਹਾਂ ਨੂੰ ਲਾ ਕੇ
ਕੀ ਕਰਾਂਗਾ ਮੈਂ

-0-

ਜ਼ਿੰਦਗੀ ਕਬਰੀਂ ਬਿਠਾ ਕੇ
ਜੋ ਤੁਰ ਗਿਆ
ਬੁਲਾ ਕੇ ਦੁਆਰਾ ਕੋਲ ਆਪਣੇ
ਕੀ ਕਰਾਂਗਾ ਮੈਂ

-0-

ਬਦਲ ਵੀ ਜਾਏ
ਜੇ ਜ਼ੜਾ ਵੜਾ 'ਚ ਉਸਦੀ
ਕੀ ਕਰਾਂਗਾ ਸੁਣ ਉਸਨੂੰ
ਕੀ ਕਹਾਂਗਾ ਮੈਂ

-0-

## ਪੰਛੀ ਘਰਾਂ ਨੂੰ

ਪੰਛੀ ਘਰਾਂ ਨੂੰ
ਮੌਸਮ ਗੁਲਜ਼ਾਰੀਂ ਆਏ
ਤੂੰ ਨਾ ਆਇਓਂ
ਨਾ ਤੇਰੇ ਖ਼ਤ ਹੀ ਆਏ

-0-

ਠਰ ਗਏ ਸਾਗਰ
ਕਈ ਅੱਗ ਸਾਡੀ 'ਚ
ਦਿਲ ਦੀ ਅੱਗ
ਤੇਰੇ ਬਿਨ ਕੌਣ ਬੁਝਾਵੇ

-0-

ਬਰਸਾਤਾਂ ਦੀ ਬੁੱਕਲੇ
ਦੇਹ ਦਾ ਰੁੱਖ਼ ਹੈ ਸੜਿਆ
ਨਾ ਪੈਂਡੇ ਹਿਜ਼ਰਾਂ ਦੇ ਮੁੱਕੇ
ਨਾ ਪਲ ਵਸਲਾਂ ਦੇ ਆਏ

-0-

ਕਲੀਆਂ ਫੁੱਲਾਂ ਪੌਣਾਂ
ਖ਼ੁਸ਼ਬੂਆਂ ਵੰਡੀਆਂ
ਸਾਡੇ ਜੋਬਨ ਦਾ ਚੰਬਾ
ਬਹਾਰ ਸਾੜਦੀ ਜਾਏ

-0-

ਚੰਨ ਚੜ੍ਹਿਆ ਅਸਮਾਨੀ
ਸਾਡੇ ਅੰਬਰ ਹਨ੍ਹੇਰਾ
ਦੀਵੇ ਜਗਦੇ ਨੈਣ ਰਾਤ ਦੇ
ਬੁੱਝਣ ਤੇ ਆਏ

-0-

ਸੋਚਿਆ ਸੀ ਭਿੱਜੇਗੀ
ਰੂਹ ਸਾਉਣ ਮਹੀਨੇ
ਝੜੀ ਸਾਉਣ ਦੀ
ਅੱਗਾਂ ਨੂੰ ਅੱਗ ਲਾਉਂਦੀ ਜਾਏ

-0-

ਨਾ ਸਾਗਰ ਨਾ ਬੱਦਲ
ਅੱਗ਼ ਦੀ ਦੇਹ ਬੁਝਾਵਣ
ਤੇਰੀ ਫਸਲ ਦੀਆਂ ਬੂੰਦਾਂ
ਤਨ ਮ਼ਨ ਸੁਕਣੇ ਪਾਵੇ

-0-

## ਨੈਣਾਂ ਦੇ ਦੋ ਭਰੇ ਕਟੋਰੇ

ਨੈਣਾਂ ਦੇ ਦੋ ਭਰੇ ਕਟੋਰੇ
ਮੈਂ ਕਿੱਥੇ ਲੈ ਜਾਵਾਂ
ਰੁੱਸਿਆ ਰੁੱਸਿਆ ਮੇਰਾ ਆਪਾ
ਕਿਸ ਨੂੰ ਅਰਘ ਚੜ੍ਹਾਵਾਂ

-0-

ਸਾਵਣ ਆਇਆ ਕੋਇਲ ਬੋਲੇ
ਤੂੰ ਵੀ ਜੇਕਰ ਆਵੇਂ
ਥੱਕ ਗਈ ਆਪੇ ਵਿਚ ਤੁਰਦੀ
ਪਲ ਤੇਰੀ ਛਾਵੇਂ ਬਹਿ ਜਾਵਾਂ

-0-

ਸੁਰਮੇ ਵਾਲੀ ਅੱਖ ਵੇ ਮੇਰੀ
ਭਾਲੇ ਤੇਰਾ ਚਿਹਰਾ
ਆ ਜਾਵੇ ਜੇ ਤੂੰ ਸੱਜਣਾ
ਸੁਰਮੇ ਦੀ ਥਾਂ ਪਾਵਾਂ

-0-

ਬੁੱਲ੍ਹਾਂ ਦਾ ਦੰਦਾਸਾ ਮੇਰਾ
ਧੁੱਖਦਾ ਭੱਖਦਾ ਰਹਿੰਦਾ
ਆ ਜਾਵੇ ਜੇ ਕਦੀ ਕਦਾਈਂ
ਦੰਦਾਸਾ ਸੇਕਣ ਲਾਵਾਂ

-0-

ਖੁੱਲ੍ਹ ਖੁੱਲ੍ਹ ਜ਼ੁਲਫ਼ਾਂ ਬਣੀਆਂ
ਬੱਦਲਾਂ ਦੀਆਂ ਘਟਾਵਾਂ
ਚੜ੍ਹ ਆਵੇ ਜੇ ਚੰਨ ਅੰਬਰੀਂ
ਜ਼ੁਲਫ਼ਾਂ ਹੇਠ ਬਿਠਾਵਾਂ

-0-

ਰੱਖਾਂ ਖੋਲ੍ਹ ਦਿਲ ਦਰਵਾਜ਼ਾ
ਅੱਖ਼ਾਂ ਬੂਹੇ ਉੱਤੇ
ਪੈਰ ਧਰੇ ਜਦ ਸਰਦਲ ਤੇ
ਤੇਰਾ ਮੁੱਖ ਚੁੰਮਾਂ ਮਰ ਜਾਵਾਂ

-0-

ਭਰਿਆ ਜੁੱਸਾ ਖ਼ੁਸ਼ਬੂਆਂ ਸੰਗ
ਕਿਸ ਦੀ ਭੇਂਟ ਚੜ੍ਹਾਵਾਂ
ਆਉਂਦਾ ਤੱਕਾਂ ਜਦ ਮੈਂ ਤੈਨੂੰ
ਰਾਹ ਵਿਚ ਛਿੜਕ ਮੁਕਾਵਾਂ

-0-

## ਆਪਣੇ ਆਪ ਨੂੰ

ਮਹਿਮਾਨ ਆਪਣੇ ਆਪ ਨੂੰ
ਜ਼ਿੰਦਗੀ ਦਾ ਉਸ ਕਿਹਾ
ਜਿਉਂਦਾ ਤਾਂ ਨਜ਼ਰਾਂ 'ਚ ਸੀ
ਰੱਬ ਜਾਣੇ ਮਰ ਕੇ ਕਿੱਧਰ ਗਿਆ

-0-

ਤੁਰਦੇ ਗਏ ਸਭ ਲੋਕ
ਆਪਣੀਆਂ ਮੰਜ਼ਿਲਾਂ ਦੀ ਤਰਫ਼
ਰੁੱਖ ਛਾਂ ਦੇ ਹੇਠ ਬੈਠਾ
ਉਡੀਕਦਾ ਮੰਜ਼ਿਲ ਰਿਹਾ

-0-

ਮਰਨ ਤੋਂ ਪਹਿਲਾਂ ਐ ਲੋਕੋ
ਜ਼ਿੰਦਗੀ ਨੂੰ ਜੀਅ ਲਵੋ
ਮੁਰਦਾ ਕੋਈ ਜਿਉਂਦਿਆਂ
ਮੁਰਦਿਆਂ ਨੂੰ ਕਹਿ ਗਿਆ

-0-

ਆਦਮੀ ਜੋ ਉਤਰਿਆ
ਵਿਚ ਆਦਮੀ
ਜ਼ਿੰਦਗੀ ਲਈ ਸੂਰਜਾਂ ਦਾ
ਕਾਫ਼ਲਾ ਉਹ ਹੋ ਗਿਆ

-0-

ਮਿਲੀਆਂ ਨਦੀਆਂ
ਦਰਿਆਵਾਂ ਨੂੰ ਜਦੋਂ
ਨਦੀਆਂ ਦੀ ਕੁੱਖ ਚੋਂ
ਸਮੁੰਦਰ ਵਹਿ ਗਿਆ।

-0-

ਝੁਕਿਆ ਆਸਮਾਂ
ਜਦ ਵੀ ਧਰਤ ਤੇ
ਧਰਤ ਦੀ ਕੁੱਛੜ 'ਚ
ਆ ਕੇ ਰੱਬ ਬਹਿ ਗਿਆ

-0-

ਦੁਸ਼ਮਣਾਂ ਦੀ ਦੁਸ਼ਮਣੀ
ਜਦ ਹੱਦ ਟੱਪ ਗਈ
ਵਜ਼ੂਦ ਦੁਸ਼ਮਣੀ ਦਾ
ਦੋਸਤ ਫਿਰ ਹੋ ਗਿਆ

-0-

ਹੋ ਗਿਆ ਹਨ੍ਹੇਰਾ
ਮੋਮਬੱਤੀਆਂ ਦੀ ਮਹਿਫ਼ਲ 'ਚ
ਪ੍ਰਵਾਨਾ ਸ਼ਮਾਂ ਤੇ ਸੜ ਕੇ
ਕਰ ਰੌਸ਼ਨੀ ਗਿਆ

-0-

## ਮਸ਼ਹੂਰ ਹੋ ਗਏ

ਆਪਣੇ ਹੀ ਆਪ ਤੋਂ
ਦੂਰ ਹੋ ਗਏ
ਇਸ਼ਕ ਤੇਰੇ 'ਚ
ਮਸ਼ਹੂਰ ਹੋ ਗਏ .

-0-

ਪਹਿਚਾਣ ਦੇ ਨੇ
ਵਿਹੜੇ ਗਲੀਆਂ ਘਰਾਂ ਦੇ ਲੋਕ
ਆਪਣੀ ਪਹਿਚਾਣ ਲਈ
ਮਜ਼ਬੂਰ ਹੋ ਗਏ

-0-

ਪਸਰਿਆ ਹੈ ਹਨ੍ਹੇਰਾ
ਨਜ਼ਰਾਂ 'ਚ ਦੂਰ ਤੱਕ ..
ਲੋਕਾਂ ਦੀ ਨਜ਼ਰ 'ਚ
ਸੂਰਜਾਂ ਦਾ ਨੂਰ ਹੋ ਗਏ

-0-

ਘਰ ਦਾ ਪਤਾ
ਆਪਣੀ ਖ਼ਬਰ ਨਾ ਯਾਰ ਦੀ
ਸੱਚ ਪਾਗ਼ਲਪਣ ਦੇ
ਸਰੂਰ ਹੋ ਗਏ

-0-

ਤੁਰ ਪਈ
ਕਬਰਾਂ ਦੇ ਵੱਲ ਜ਼ਿੰਦਗੀ
ਸੱਚ ਜ਼ਿੰਦਗੀ ਦੇ
ਜ਼ਿੰਦਗੀ ਦੇ ਹਜ਼ੂਰ ਹੋ ਗਏ

-0-

ਆਇਆਂ ਦੀ ਖ਼ਬਰ
ਗਿਆ ਸੀ ਸਾਰ ਨਾ
ਆਏ ਹੰਢਾਈ ਜ਼ਿੰਦਗੀ
ਗ਼ਫ਼ੂਰ ਹੋ ਗਏ

-0-

ਢੂੰਡਦੇ ਰਹੇ ਉਮਰ ਭਰ
ਲੋਕ ਦਿਲ ਦਾ ਸਕੂਨ
ਮਿਲਿਆ ਨਾ ਮਰ ਕੇ ਵੀ
ਚੂਰ ਹੋ ਗਏ

-0-

## ਲੱਗੀਆਂ ਅੱਖ੍ਹਾਂ ਕੀ

ਲੱਗੀਆਂ ਅੱਖ੍ਹਾਂ ਕੀ
ਅੱਖੀਆਂ ਚੋਂ ਕਿਰ ਗਏ
ਯਾਰ ਦੇ ਹੱਥਾਂ ਚੋਂ
ਰੇਤ ਵਾਂਗੂੰ ਕਿਰ ਗਏ

–0–

ਪੁੱਛਿਆ ਨਾ ਰਾਹ ਅਸਾਂ
ਉਸ ਕੋਲ ਜਾਣ ਦਾ
ਆਪਣੇ ਪੈਰਾਂ ਦਿਆਂ
ਚੱਕਰਾਂ 'ਚ ਘਿਰ ਗਏ

–0–

ਅੱਖ੍ਹੀਆਂ ਨਿਮਾਣੀਆਂ ਦਾ
ਹੈ ਕਸੂਰ ਕੀ
ਅੱਖ੍ਹਾਂ ਦੀਆਂ ਲੱਗੀਆਂ ਦੇ
ਲੱਗੇ ਫਿਰ ਗਏ

–0–

ਨਾ ਕੋਇਲ ਹੀ ਕੂਕੀ
ਨਾ ਮੋਰ ਹੀ ਨੱਚਿਆ
ਪੌਣਾਂ ਤੋਂ ਐਵੇਂ
ਮਲਿਹਾਰ ਛਿੜ ਗਏ

–0–

ਵੇਖੀ ਜਦ ਦੀਦਿਆਂ ਨੇ
ਝਲਕ ਯਾਰ ਦੀ
ਅੱਖ੍ਹੀਆਂ ਦੇ ਖ੍ਹੂਹ
ਉਮਰਾਂ ਲਈ ਗਿੜ ਗਏ

–0–

ਵਸਲ ਨਾ ਹਿਜ਼ਰ
ਨਾ ਦੀਦਾਰ ਯਾਰ ਦਾ
ਸਾਵਣ ਕਈ ਆਏ
ਬਿਨ ਵਰ੍ਹਨੋਂ ਹੀ ਮੁੜ ਗਏ

-0-

ਖਿੜਿਆ ਸੀ ਚੰਬਾ
ਜੋ ਨੈਣਾਂ ਦੇ ਵਿਹੜੇ
ਹੱਡ ਉਸਦੇ ਨੇ
ਸਿਵਿਆਂ 'ਚ ਧੁੱਖ ਰਹੇ

-0-

# ਮੈਂ ਇਕੱਲਾ ਸਾਂ

ਮੈਂ ਇਕੱਲਾ ਸਾਂ
ਇਕੱਲਾ ਰਹਿ ਗਿਆ
ਦਰਦ ਤੇਰੇ ਜਾਣ ਦਾ
ਝੋਲੀ 'ਚ ਮੇਰੀ ਪੈ ਗਿਆ

-0-

ਲੋਕ ਲੰਘੇ ਗਲੀ ਚੋਂ
ਪਹਿਚਾਣ ਕੇ ਚਿਹਰਾ ਤੇਰਾ
ਮੈਂ ਤੇਰੀ ਪਹਿਚਾਣ ਦੇ ਵਿਚ
ਗੁੰਮ੍ਹ ਹੋ ਕੇ ਰਹਿ ਗਿਆ

-0-

ਢੂੰਡਦਾ ਰਿਹਾ ਤੈਨੂੰ
ਜ਼ਿੰਦਗੀ ਦੇ ਹਰ ਮੋੜ ਤੇ
ਮਿਲਿਆ ਨਾ ਤੂੰ ਜਦੋਂ
ਕਬਰਾਂ ਦਾ ਹੋ ਕੇ ਬਹਿ ਗਿਆ

-0-

ਦੂਰ ਕਿਤੇ ਨਿਕਲ ਗਏ
ਮੇਰੇ ਤੋਂ ਉਹ
ਰਾਹ ਦਾ ਬਣਕੇ ਮੀਲ ਪੱਥਰ
ਮੈਂ ਰਹਿ ਗਿਆ

-0-

ਉਜੜ ਗਈਆਂ ਰੌਣਕਾਂ
ਭੁੱਲੇ ਰਾਹ ਬਹਾਰ ਨੂੰ
ਦਿਲ ਦੇ ਵਿਹੜੇ ਸੋਗ
ਗੁਲਸ਼ਨ ਦੇ ਪੈ ਗਿਆ

-0-

ਹੰਢਾਇਆ ਐ ਜ਼ਿੰਦਗੀ
ਜੋ ਨਰਕ ਮੁਰਦੇ ਨੇ
ਮਰਨ ਤੋਂ ਪਹਿਲਾਂ
ਹੰਢਾਉਣਾ ਜਿਊਂਦਿਆਂ ਨੂੰ ਕਹਿ ਗਿਆ

-0-

## ਦੇਖਦੇ ਹੀ ਦੇਖਦੇ

ਦੇਖਦੇ ਹੀ ਦੇਖਦੇ
ਦਿਨ ਢਲ ਗਏ
ਗ਼ਮਾਂ ਦੇ ਦੀਵੇ
ਹਨ੍ਹੇਰੀਂ ਬਲ ਗਏ

–0–

ਮੁਰਦਿਆਂ ਦੀ ਭਾਲ ਮੁੱਕੀ
ਜ਼ਿੰਦਗੀ ਨੂੰ ਢੂੰਡਦੀ
ਦਾਗ਼ ਦਿਲ ਦੇ ਰੌਸ਼ਨੀ
ਕਬਰਾਂ 'ਚ ਏਨੀ ਕਰ ਗਏ

–0–

ਆਏ ਉਹ ਤਿੜਕੀ ਕਬਰ
ਤੇ ਮੁਰਦਾ ਬੋਲਿਆ
ਦੀਦਾਰ ਮੌਤ ਜਿਉਂਦੀ ਦੇ
ਦੁਆਰਾ ਕਰ ਲਏ

–0–

ਯਾਰ ਦੀ ਬੁੱਕਲ ਦਾ ਨਿੱਘ
ਗਰਮਾਏਗਾ ਕੀ
ਲੋਕ ਤਪਦੇ ਸੂਰਜਾਂ ਦੇ
ਵਿਹੜਿਆਂ ਵਿਚ ਠਰ ਗਏ

–0–

ਪੂਜਦੇ ਨੇ ਲੋਕ ਮਿੱਟੀ
ਮੜੀਆਂ ਮਸਾਣਾਂ ਦੀ
ਬਾਲ ਕੇ ਦੀਵੇ ਜੋ ਮੁਰਦੇ
ਮੁਰਦਿਆਂ ਲਈ ਧਰ ਗਏ!

–0–

ਚਰਚਾ ਰਿਹਾ ਮਹਿਫ਼ਲਾਂ 'ਚ
ਸ਼ਮਾਂ ਦੇ ਬਲਣ ਦਾ
ਜ਼ਿਕਰ ਨਹੀਂ ਜੋ ਸਾੜ ਆਪਾ
ਸ਼ਮਾਂ ਠੰਡੀ ਕਰ ਗਏ

-0-

ਆਸ਼ਕਾਂ ਦੇ ਚਿਹਰਿਆਂ ਤੇ
ਛਿੱਟੇ ਆਸ਼ਕੀ ਦੇ ਲਹੂ ਦੇ
ਆਸ਼ਕ ਸੂਰਜ ਹੋ ਗਏ
ਛਿੱਟੇ ਸਿਤਾਰੇ ਬਣ ਗਏ

-0-

## ਅੱਖੀਆਂ

ਲਾ ਕੇ ਅੱਖੀਆਂ
ਜੋ ਫਿਰ ਗਏ
ਦੇ ਕੇ ਹੰਝੂ
ਉਹ ਹਾਸੇ ਕਿਧਰ ਗਏ

-0-

ਇਕ ਕਿਨਾਰੇ ਮੌਤ ਸੀ
ਦੂਜੇ ਸੀ ਜ਼ਿੰਦਗੀ
ਨਸੀਬਾਂ ਦੇ ਮਾਰੇ ਲੋਕ
ਬੇੜੀਆਂ 'ਚ ਡੁੱਬ ਗਏ

-0-

ਤੁਰ ਨਾ ਸਕੇ ਲੋਕ
ਬਣਾ ਕੇ ਕਾਫ਼ਲਾ
ਆਪਣੀਆਂ ਧਿਰ 'ਚ ਹੀ
ਤਕਸੀਮੇ ਰਹੇ

-0-

ਕੌਣ ਕੱਢੇ ਧਰਤ
ਫੜੇ ਅੰਬਰ ਨੂੰ ਮੁੱਠ 'ਚ
ਸਫ਼ਰ ਪੈਰਾਂ 'ਚ ਹੀ
ਜਨਮਦੇ ਮਰਦੇ ਰਹੇ

-0-

ਇਕ ਬਾਰ ਕਬਰ ਚੋਂ
ਉਠ ਕੇ ਤੇ ਦੇਖਦੋਂ
ਬਹਾਰਾਂ ਦੇ ਸਿਵੇ
ਜ਼ਿਦਗੀ 'ਚ ਬਲਦੇ ਰਹੇ

-0-

ਕਤਰਾ ਕਤਰਾ ਮਰਦਾ
ਉਹ ਕਬਰ ਹੋ ਗਿਆ
ਪੱਤਰ ਤਾਰਿਆਂ ਜਿੰਨੇ
ਰੁੱਖ ਤੋਂ ਝੜਦੇ ਰਹੇ

-0-

ਪਹਿਲਾ ਹੀ ਪਤਝੜ ਤੋਂ
ਪੱਤਰ ਜੋ ਝੜ ਗਏ
ਵੀਰਾਨੀਆਂ ਦਾ ਬੀਜ
ਰੁੱਖ ਦੀ ਕੁੱਖ 'ਚ ਧਰਦੇ ਰਹੇ

-0-

## ਰਾਤਾਂ ਨੂੰ ਦੀਵੇ

ਰਾਤਾਂ ਨੂੰ ਦੀਵੇ ਬਾਲ ਕੇ
ਧਰਦਾ ਰਿਹਾ
ਸੂਰਜ ਦੀ ਬੁੱਕਲ ਮਾਰ ਕੇ
ਠਰਦਾ ਰਿਹਾ

-0-

ਆਇਆ ਨਾ ਤੂੰ
ਰੰਗੀਨ ਸੀ ਮੌਸਮ ਜਦੋਂ
ਰੁੱਤਾਂ ਦੀ ਕਬਰ ਤੇ
ਦੀਵਾ ਬਣ ਕੇ ਜਗਦਾ ਰਿਹਾ

-0-

ਚਲੀ ਹਵਾ ਐਸੀ
ਆਲ੍ਹਣਾ ਬਿਖ਼ਰ ਗਿਆ
ਮਰ ਗਿਆ ਪੰਛੀ
ਇਕੱਠੇ ਕੱਖ ਜੋ ਕਰਦਾ ਰਿਹਾ

-0-

ਲੰਘਿਆ ਗਲੀ ਚੋਂ ਉਹ
ਅਜ਼ਨਬੀ ਦੀ ਤਰ੍ਹਾਂ
ਨੈਣਾਂ ਦੇ ਦੀਵੇ ਬਾਲ
ਬਨ੍ਹੇਰੀਂ ਕੋਈ ਧਰਦਾ ਰਿਹਾ

-0-

ਕੱਟ ਦਿੱਤੀ ਉਮਰ ਉਸ
ਯਾਰ ਦੀ ਉੱਡੀਕ 'ਚ
ਸਦੀਆਂ ਤੋਂ ਦਿਨਾਂ ਪਲਾਂ 'ਚ
ਪਿਘਲਦਾ ਰਿਹਾ

-0-

ਇਸ਼ਕ ਦੀ ਰਾਹ 'ਚ
ਭੱਟਕਿਆ ਕਈ ਵਾਰ ਉਹ
ਸਿੱਦਕ ਦੀ ਰੌਸ਼ਨੀ ਸੀ
ਹਰ ਵਾਰ ਸੰਭਲਦਾ ਰਿਹਾ

-0-

## ਲੰਘ ਗਈ ਉਮਰਾ

ਲੰਘ ਗਈ ਉਮਰਾ
ਤੈਨੂੰ ਉੱਡੀਕ ਦੇ
ਮੁੱਕੇ ਨਹੀਂ ਪੈਂਡੇ ਅਜੇ
ਮੇਰੇ ਨਸੀਬ ਦੇ

-0-

ਕਰ ਗਏ ਨੇ ਪਾਰ
ਦਰਿਆ ਹਿਜ਼ਰ ਦਾ
ਰੁੱਖ ਜੋ ਸਾਥੀ ਸਨ
ਮੇਰੇ ਕਰੀਬ ਦੇ

-0-

ਕਦ ਖਿੱਲੇਗਾ
ਫੁੱਲ ਕੋਈ ਮੇਰੇ ਲਈ
ਢਲਦੇ ਨਹੀਂ ਸੂਰਜੇ
ਪਤਝੱੜ ਅਜੀਬ ਦੇ

-0-

ਕਦ ਕੋਈ ਕਿਰਨ
ਚੁੰਮੇਗੀ ਦੇਹ ਦੀ ਸਰਦਲ
ਕਦ ਚੜ੍ਹੇਗਾ ਚੰਨ
ਦਿਲ 'ਚ ਗਰੀਬ ਦੇ

-0-

ਤੂੰ ਤੇ ਕਾਠੀ ਪਾ ਕੇ
ਕਿੱਧਰੇ ਤੁਰ ਗਿਓਂ
ਮਸਤਕ 'ਚ ਬੀਜ ਕੇ
ਪੈਂਡੇ ਸਲੀਬ ਦੇ

-0-

ਛੱਡ ਕੇ ਜ਼ਿੰਦਗੀ
ਚਿਰਾਗ ਕਬਰਾਂ ਦੇ ਹੋ ਗਏ
ਜਗਦੇ ਚਿਰਾਗ ਤੱਕਦੇ ਨੇ
ਰਾਹ ਹਬੀਬ ਦੇ

-0-

ਤੁਰ ਗਿਆ ਕਬਰਾਂ 'ਚ
ਕੋਈ ਤੈਨੂੰ ਉਡੀਕਦਾ
ਕਬਰ 'ਚ ਰਿਹਾ ਤੜਫਦਾ
ਮੁੱਖੜੇ ਲਈ ਹੀਰ ਦੇ

-0-

## ਜੰਗਲ ਦੇ ਗਲ

ਜੰਗਲ ਦੇ ਗਲ ਲੱਗੀਆਂ
ਰੁੱਤਾਂ ਉਦਾਸ ਨੇ
ਚਾਨਣੀ ਹੈ ਰਾਤ
ਪਰ ਤਾਰੇ ਨਿਰਾਸ਼ ਨੇ

-0-

ਦਿਲ ਦੇ ਜ਼ਖ਼ਮਾਂ ਦੇ
ਨੇ ਅੱਜ ਫੁੱਲ ਖਿੱਲੇ
ਪੀੜਾਂ ਦੇ ਨੈਣੀਂ
ਖ਼ੁਸ਼ੀਆਂ ਦੇ ਉਬਾਲ ਨੇ

-0-

ਹਨ੍ਹੇਰਿਆਂ 'ਚ ਹੈ
ਜਗ ਰਿਹਾ ਕੋਈ ਚਿਰਾਗ
ਹਨ੍ਹੇਰੀਆਂ ਬੁੱਕਲਾਂ
ਚਿਰਾਗ ਦੀ ਸੰਭਾਲ ਨੇ

-0-

ਸਾਰੇ ਦਾ ਸਾਰਾ ਅੰਬਰ
ਸਮੁੰਦਰ 'ਚ ਉਤਰਿਆ
ਸੂਰਜਾਂ ਦੇ ਉੱਠਦੇ
ਸਮੁੰਦਰ ਚੋਂ ਉਛਾਲ ਨੇ

-0-

ਗੁਲਸ਼ਨ ਚੋਂ ਪਤਝੱੜਾਂ
ਬੰਨਿਆ ਹੈ ਬਿਸਤਰਾ
ਰੁੱਖਾਂ ਦੇ ਚਿਹਰੇ
ਮੌਸਮ ਬਹਾਰ ਨੇ

-0-

ਕੱਟਿਆ ਪਿਆ ਹੈ
ਸਿਰ ਕਿਸੇ ਦਾ ਤਲੀ ਤੇ
ਨਜ਼ਰ ਹੈ ਕਾਤਲ
ਜਾਂ ਤਲਵਾਰਾਂ ਦੇ ਵਾਰ ਨੇ

-0-

## ਵਫ਼ਾ ਹੈ ਆਸਰਾ

ਵਫ਼ਾ ਹੈ ਆਸਰਾ
ਚਾਹਤ ਹੈ ਮੁਕੱਦਰ ਮੇਰਾ
ਤੇਰੀ ਗਲੀ ਚੋਂ ਚੜ੍ਹੇ
ਰੋਜ਼ ਹੀ ਸੂਰਜ ਮੇਰਾ

–0–

ਨਾ ਮੈਂ ਮੰਦਰ ਦਾ
ਨਾ ਮਸਜਿਦ ਦਾ ਰਿਹਾ
ਤੇਰੇ ਕੂੱਚੇ ਬਿਨਾਂ
ਕਿੱਥੇ ਹੈ ਵਸੇਰਾ ਮੇਰਾ

–0–

ਘਿਰਿਆ ਤੂਫਾਨਾਂ 'ਚ
ਜਦ ਵੀ ਜ਼ਿੰਦਗੀ ਦਾ ਕਾਫ਼ਲਾ
ਬਿਜਲੀ ਦੇ ਵਾਂਗ ਚਮਕਿਆ
ਹਰ ਮੋੜ ਤੇ ਮੁੱਖੜਾ ਤੇਰਾ

–0–

ਰੰਗਿਆ ਗਿਆ ਕਈ ਵਾਰ
ਲਹੂ 'ਚ ਵੀ ਹੰਝੂਆਂ 'ਚ ਵੀ
ਦੇਖਦੇ ਰਹੇ ਨੈਣ ਤੇਰੇ
ਹੱਸ ਹੱਸ ਕੇ ਹੌਸਲਾ ਮੇਰਾ

–0–

ਉੱਠ ਪਿਆ ਇਹ ਸੋਚ ਕੇ
ਉਹ ਕਬਰ ਚੋਂ
ਮਰਨ ਤੋਂ ਪਹਿਲਾਂ ਵੇਖਾਂ
ਕਾਬੇ ਜਿਹਾ ਚਿਹਰਾ ਤੇਰਾ

–0–

ਹੱਸਦਾ ਰਿਹਾ ਉਹ ਮੌਤ ਤੇ
ਨੀਹਾਂ 'ਚ ਵੀ ਸੂਲੀ ਤੇ ਵੀ
ਇਕ ਵਾਰ ਮਰ ਕੇ ਜੀਏਗਾ
ਸੌ ਵਾਰ ਦੀਵਾਨਾ ਤੇਰਾ

-0-

ਭੁੱਲ ਗਿਆ ਸ਼ੀਸ਼ੇ ਸਾਵੇਂ
ਆਪਣੇ ਹੀ ਨਕਸ਼ ਉਹ
ਲੂੰ ਲੂੰ 'ਚ ਵੱਸਦਾ ਤੱਕਿਆ
ਚਿਹਰਾ ਤੇਰਾ

-0-

## ਮੈਂ ਤੇਰੇ ਕੌਲ

ਮੈਂ ਤੇਰੇ ਕੌਲ
ਤਲੀਆਂ ਤੇ ਉਠਾਈ ਫਿਰਦਾ ਹਾਂ
ਮੈਂ ਤੇਰੇ ਰਾਹ
ਪਲਕਾਂ ਤੇ ਬਿਠਾਈ ਫਿਰਦਾ ਹਾਂ

-0-

ਕਦ ਮੁੜਣਗੇ ਪੰਛੀ
ਜੋ ਖਲਾਅ 'ਚ ਗੁਆਚ ਗਏ
ਮੈਂ ਉਜੜੇ ਆਲ੍ਹਣੇ
ਚਿਹਰੇ ਤੇ ਸਜਾਈ ਫਿਰਦਾ ਹਾਂ

-0-

ਤੇਰੀ ਆਮਦ ਤੋਂ ਪਹਿਲਾਂ
ਨਾ ਨਿਕਲ ਜਾਏ ਦਮ
ਮੈਂ ਦਮ ਲੈਣੇ ਹੀ
ਭੁਲਾਈ ਫਿਰਦਾ ਹਾਂ

-0-

ਤੇਰੇ ਬੋਲਾਂ ਉੱਗਾਏ ਜ਼ਖ਼ਮ
ਹਰ ਮੌਸਮ ਹਰ ਰੁੱਤੇ
ਮੈਂ ਪੱਤਰ ਟਹਿਣੀਉਂ ਟੁੱਟਾ
ਰੁੱਖ ਵਸਾਈ ਫਿਰਦਾ ਹਾਂ

-0-

ਮਿਲੇਗੀ ਮੰਜ਼ਿਲ ਇਕ ਦਿਨ
ਘਟੇਗਾ ਭਾਰ ਰਾਹਾਂ ਦਾ
ਨਜ਼ਰ 'ਚ ਆਸਮਾਂ
ਕੁੱਛੜ ਜ਼ਮੀਂ ਉਠਾਈ ਫਿਰਦਾ ਹਾਂ

-0-

# ਤੇਰੇ ਤੋਂ ਵਿਛੜ ਕੇ

ਤੇਰੇ ਤੋਂ ਵਿਛੜ ਕੇ
ਬੜਾ ਰੋਇਆ ਹੈ ਦਿਲ
ਤੇਰੇ ਹਿਜ਼ਰ 'ਚ
ਅੱਥਰੂ ਹੋਇਆ ਹੈ ਦਿਲ

-0-

ਬੜੀ ਬਰਸਾਤ ਸੀ
ਧੁੱਪ ਗਏ ਫੁੱਲਾਂ ਦੇ ਚਿਹਰੇ
ਅਸੀਂ ਉਬਾਲ ਕੇ ਅੱਥਰੂ
ਧੋਇਆ ਹੈ ਦਿਲ

-0-

ਮਹੀਨੇ ਸਾਉਣ ਦੇ
ਹੋ ਥਲ ਗਿਆ ਹੈ ਇਹ
ਜੇਠ ਹਾੜ੍ਹ ਦੀਆਂ ਧੁੱਪਾਂ 'ਚ
ਚੋਇਆ ਹੈ ਦਿਲ

-0-

ਛੱਡ ਕੇ ਦੇਹ ਦੀ ਰੌਣਕ
ਰਾਹ ਕਬਰਾਂ ਦੇ ਪੈ ਗਿਆ
ਕਬਰਾਂ ਨੂੰ ਜੱਫ਼ੇ ਮਾਰਦਾ
ਕਬਰ ਹੀ ਹੋਇਆ ਹੈ ਦਿਲ

-0-

ਝੱਲੀ ਗਈ ਨਾ ਇਸ ਤੋਂ
ਮਾਰ ਤੇਰੇ ਇਸ਼ਕ ਦੀ
ਤੇਰਾ ਨਾ ਮੇਰਾ ਨਾ ਆਪਣਾ
ਹੋਇਆ ਹੈ ਦਿਲ

-0-

ਤੁਰ ਗਿਉਂ ਤੂੰ ਜਦ ਦਾ
ਕੰਡ ਦੇ ਕੇ ਦੋਸਤਾ
ਉਸ ਦੇ ਪਿਛੋਂ ਨਾ ਧੜਕਿਆ
ਮੋਇਆ ਹੈ ਦਿਲ

-0-

ਨਾ ਜਗਾਵੀਂ ਆਣ ਕੇ
ਹੁਣ ਇਸ ਨੂੰ ਤੂੰ
ਫੁੱਲ ਗੰਗਾ ਤਾਰ ਕੇ
ਸੋਇਆ ਹੈ ਦਿਲ

-0-

## ਉਠ ਗਿਆ

ਉਠ ਗਿਆ
ਮਹਿਫ਼ਲ ਤੇਰੀ ਚੋਂ ਇਸ ਤਰ੍ਹਾਂ
ਉਠ ਜਾਂਦੇ ਨੇ
ਲੋਕੀ ਜਹਾਨੋ ਜਿਸ ਤਰ੍ਹਾਂ

-0-

ਫਿਰ ਕੋਈ ਪੰਛੀ
ਇਕੱਠੇ ਕਿੰਜ ਕਰੇ
ਆਲ੍ਹਣੇ ਦੇ ਬਿਖ਼ਰੇ ਤੀਲੇ
ਤੁਫ਼ਾਨ 'ਚ ਇਸ ਤਰ੍ਹਾਂ

-0-

ਕਿੰਜ ਰਹੇਗਾ
ਜਿਉਂਦਾ ਤੇਰੇ ਬਿਨਾਂ
ਸ਼ਮਸ਼ਾਨ ਕਬਰਾਂ ਦਾ
ਜਹਾਨ ਹੈ ਇਸ ਤਰ੍ਹਾਂ

-0-

ਧਰਤ ਦਾ ਹੋਇਆ
ਨਾ ਅੰਬਰ ਦਾ ਰਿਹਾ
ਰਾਤ ਦਾ ਤਾਰਾ ਟੁੱਟਾ
ਕੋਈ ਅੰਬਰੋਂ ਇਸ ਤਰ੍ਹਾਂ

-0-

ਉੱਗ ਪਿਆ ਖੰਭਾਂ ਚੋਂ
ਪ੍ਵਾਜ਼ ਅੰਬਰ ਦਾ
ਸਿਲਸਿਲਾ ਉੱਡਣ ਦਾਂ
ਪੰਛੀ ਦਾ ਹੋਇਆ ਇਸ ਤਰ੍ਹਾਂ

-0-

ਹੁਣ ਨਾ ਉਸ ਦੀ ਉਡੀਕ 'ਚ
ਅੱਥਰੂ ਬਹਾ
ਕਬਰੀਂ ਗਿਆ
ਕੋਈ ਪਰਤਿਆ ਹੈ ਕਿਸ ਤਰ੍ਹਾਂ

–0–

ਮਹਿਫ਼ਲ ਹਮਦਰਦ ਦੀ
ਵਿਚ ਉਹ ਗ਼ੈਰ ਸੀ
ਤੂਫ਼ਾਨਾਂ ਦੇ ਕਫ਼ਲੇ 'ਚ
ਚਿਰਾਗ ਬਲਦੈ ਜਿਸ ਤਰ੍ਹਾਂ

–0–

ਤੋੜ ਕੇ ਮੋਹ ਜ਼ਿੰਦਗੀ
ਪ੍ਰਵਾਨਾ ਸ਼ਮਾਂ ਤੇ ਸੜ ਗਿਆ
ਬਲਿਆ ਹਨ੍ਹੇਰਾ ਤੱਕ ਕੇ
ਸ਼ਮਾਂ ਜਲਾਇਆ ਇਸ ਤਰ੍ਹਾਂ

–0–

ਮਰ ਕੇ ਵੀ
ਕਬਰਾਂ 'ਚ ਜਿਉਂਦਾ ਹੈ ਉਹ
ਜ਼ਿੰਦਗੀ ਨੂੰ ਮੌਤ ਵਾਂਗੂ
ਉਸ ਨੇ ਹੰਢਾਇਆ ਇਸ ਤਰ੍ਹਾਂ

–0–

## ਛੱਡ ਕੇ ਸਾਨੂੰ

ਛੱਡ ਕੇ ਸਾਨੂੰ
ਪਤਾ ਨਹੀਂ ਸੱਜਣ ਕਿਧਰ ਗਏ
ਤੇਰੇ ਬਿਨਾਂ ਐ ਦੋਸਤਾ
ਅਸੀਂ ਇਕੱਲੇ ਰਹਿ ਗਏ

-0-

ਫਿਰ ਵਸੇਬਾ
ਕਰਨ ਦੇ ਲਈ ਜ਼ਿੰਦਗੀ
ਦਾਗ਼ ਦਿਲ ਦੇ
ਹੰਝੂਆਂ ਨਾਲ ਧੋ ਲਏ

-0-

ਯਾਦ ਆਇਉਂ
ਜਦ ਵੀ ਸੱਜਣਾ ਵਿਛੜਿਆ
ਵੜ ਵੜ ਕੇ ਅੰਦਰ
ਆਪਣੇ ਹੀ ਰੋ ਪਏ

-0-

ਪਰਤੇ ਨਾ ਮੁੜ ਕੇ
ਪੰਛੀ ਆਪਣੇ ਆਲ੍ਹਣੇ
ਛਾਵਾਂ ਦੇ ਅੱਥਰੂ ਵੇਖ
ਰੁੱਖ਼ਾਂ ਨੂੰ ਜੋ ਵਿਸਰ ਗਏ

-0-

ਇਸ਼ਕ ਦੇ ਮੈਦਾਨ 'ਚ
ਜਿੱਤਦੇ ਨੇ ਉਹ
ਸਿਰ ਤਲੀ ਧਰ
ਹਾਰ ਬਾਜ਼ੀ ਜੋ ਗਏ

-0-

ਆਏ ਨਾ ਮੁੜ ਕੇ
ਰੁੱਤਾਂ ਬਹਾਰਾਂ ਦੇ ਕਾਫ਼ਲੇ
ਮਾਲੀ ਦੀ ਤੰਗਦਿਲੀ ਤੋਂ
ਜੋ ਚਮਨ ਛੋੜ ਗਏਂ

-0-

ਲੱਭਿਆ ਕਿਤੇ ਵੀ ਨਾ
ਗੁਆਚਾ ਚਿਹਰਾ ਯਾਰ ਦਾ
ਭਾਲ 'ਚ ਕਬਰਾਂ ਦੀ
ਉਹ ਮਿੱਟੀ ਫਰੋਲ ਗਏ

-0-

# ਬੁਲਾ ਕੇ ਆਪ

ਬੁਲਾ ਕੇ ਆਪ ਸੱਜਣ ਨਾ ਆਏ
ਉਮਰਾ ਭੈੜੀ ਬੀਤਦੀ ਜਾਏ

−0−

ਕਦ ਤਕ ਕਰਨ ਉੱਡੀਕ ਸੱਜਣ ਦੀ
ਜ਼ਿੰਦਗੀ ਕਬਰਾਂ ਹੁੰਦੀ ਜਾਏ

−0−

ਫੈਲ ਗਿਆ ਹਰ ਤਰਫ਼ ਹਨ੍ਹੇਰਾ
ਚੜ੍ਹਦਾ ਸੂਰਜ ਡੁੱਬਦਾ ਜਾਏ

−0−

ਭੁੱਲ ਗਏ ਸੱਜਣ ਆਪਣਾ ਆਪਾ
ਜਦ ਸੱਜਣਾਂ ਨੂੰ ਸੱਜਣ ਚੇਤੇ ਆਏ

−0−

ਮੁੱਕੀ ਨਾ ਇਹ ਰਾਤ ਹਨ੍ਹੇਰੀ
ਦੀਵਾ ਕਦ ਤਕ ਇਹ ਜਗਦਾ ਜਾਏ

−0−

ਬੁੱਝੇ ਦੀਵੇ ਛੁੱਪ ਗਏ ਚਿਹਰੇ
ਮੋਇਆਂ ਨੂੰ ਜੋ ਮਿਲਣ ਸੀ ਆਏ

−0−

ਮੁਰਦੇ ਮਾਰ ਕੇ ਦੁਹੱਥੜਾਂ ਰੋਏ
ਜਦ ਕਬਰੀਂ ਦੀਵੇ ਪੌਣ ਬੁਝਾਏ

−0−



ਖ਼ੂਨ ਹੋਇਆ ਧੁੱਪ ਦਾ
ਗਲੀ ਦੇ ਮੋੜ ਤੇ
ਵੇਖਿਆ ਹੈ ਸ਼ਹਿਰ ਨੇ
ਕੋਈ ਬੋਲਦਾ ਨਹੀਂ

–●–

ਖ਼ੂਨ ਦੇ ਵਿਚ ਤੈਰਿਆ ਹੈ
ਬਦਨ ਸ਼ਹਿਰ ਦਾ
ਹੈ ਭੀੜ ਲੋਕਾਂ ਦੀ ਜੁੜੀ
ਕੋਈ ਬੋਲਦਾ ਨਹੀਂ

–●–

ਕੱਟਿਆਂ ਸਿਰਾਂ ਦੀਆਂ
ਫ਼ਸਲਾਂ ਨੇ ਚੌਂਕ 'ਚ
ਸੜਕਾਂ ਤੇ ਅੱਖ੍ਹਾਂ ਉੱਗੀਆਂ
ਕੋਈ ਬੋਲਦਾ ਨਹੀਂ

–●–

ਬੇਗੁਨਾਹ ਸੂਲੀ ਤੇ ਹੈ
ਹਵਾ ਦਾ ਬੁੱਲਾ
ਲਹੂਦੇ ਛਿੱਟੇ ਸ਼ਹਿਰ ਤੇ
ਕੋਈ ਬੋਲਦਾ ਨਹੀਂ

–ਚਰਨ ਸਿੰਘ